# ਗੁਰੂ ਨਾਨਕ ਬਾਣੀ : ਵੈਦਿਕ ਤੇ ਸਿੱਧ-ਨਾਥ ਪਰੰਪਰਾ

ਜਗਬੀਰ ਸਿੰਘ*

ਭਾਰਤੀ ਗਿਆਨ ਪਰੰਪਰਾ ਆਪਣੇ ਆਪ ਵਿਚ ਬਹੁ-ਆਯਾਮੀ ਤੇ ਵਿਸਤ੍ਰਿਤ ਵਰਤਾਰਾ ਹੈ। ਇਸ ਨੂੰ ਪ੍ਰਫੁੱਲਤ ਕਰਨ ਵਿਚ ਵੈਦਿਕ ਤੇ ਅਵੈਦਿਕ, ਦੋਹਾਂ ਪਰੰਪਰਾਵਾਂ ਨੇ ਭਰਪੂਰ ਯੋਗਦਾਨ ਦਿੱਤਾ ਹੈ। ਵੈਦਿਕ ਵਿਰਸੇ ਨਾਲ ਸੰਬੰਧਿਤ ਪਰੰਪਰਾ ਨੂੰ ਆਸਤਿਕ ਜਾਂ ਬ੍ਰਹਮਣਿਕ ਪਰੰਪਰਾ ਅਤੇ ਬੋਧ ਤੇ ਜੈਨ ਵਿਰਸੇ ਨਾਲ ਸੰਬੰਧਿਤ ਪਰੰਪਰਾ ਨੂੰ ਸ਼੍ਰਮਣਿਕ ਜਾਂ ਨਾਸਤਿਕਪਰੰਪਰਾ ਵੀ ਆਖਿਆ ਜਾਂਦਾ ਹੈ। ਇਨ੍ਹਾਂ ਤੋਂ ਇਲਾਵਾ ਭੌਤਿਕਵਾਦੀ ਫਲਸਫੇ ਦੀ ਪ੍ਰਤਿਨਿਧਤਾ ਕਰਨ ਵਾਲੀ ਚਾਰਵਾਕ ਤੇ ਲੋਕਾਇਤ ਪਰੰਪਰਾ ਦਾ ਜ਼ਿਕਰ ਵੀ ਕੀਤਾ ਜਾ ਸਕਦਾ ਹੈ। ਇਨ੍ਹਾਂ ਪਰੰਪਰਾਵਾਂ ਨੇ ਆਪੋ ਆਪਣੀ ਦਾਰਸ਼ਨਿਕ ਦ੍ਰਿਸ਼ਟੀ ਅਨੁਸਾਰ, ਬ੍ਰਹਿਮੰਡ ਦੀ ਰੂਪ-ਰਚਨਾ, ਯਥਾਰਥ ਦੀ ਵਾਸਤਵਿਕਤਾ ਤੇ ਮਾਨਵੀ ਹੋਂਦ ਦੇ ਰਹੱਸ ਬਾਰੇ ਵਿਵੇਕਪੂਰਣ ਸਮਝ ਤੇ ਸੂਝ ਉਸਾਰਨ ਦਾ ਉਪਰਾਲਾ ਕੀਤਾ ਹੈ। ਇਨ੍ਹਾਂ ਪਰੰਪਰਾਵਾਂ ਦੇ ਅੰਤਰਗਤ ਗਿਆਨ ਦੇ ਅਨੇਕਾਂ ਸੰਗਠਨ ਵਿਕਸਿਤ ਹੋਏ ਹਨ ਜਿਨ੍ਹਾਂ ਵਿਚ ਧਰਮ, ਦਰਸ਼ਨ, ਕਲਾ ਅਤੇ ਵਿਗਿਆਨ ਨਾਲ ਸੰਬੰਧਿਤ ਅਨੇਕਾਂ ਅਨੁਸ਼ਾਸਨ ਆ ਜਾਂਦੇ ਹਨ। ਗੁਰੂ ਨਾਨਕ ਬਾਣੀ ਸਿੱਧੇ ਜਾਂ ਅਸਿੱਧੇ ਤੌਰ ਤੇ ਭਾਰਤ ਦੀਆਂ ਇਨ੍ਹਾਂ ਗਿਆਨ-ਪਰੰਪਰਾਵਾਂ ਨਾਲ ਸੰਵਾਦ ਰਚਾਉਂਦੀ ਹੈ। ਹਥਲੇ ਪਰਚੇ ਵਿਚ, ਸਾਡਾ ਸਰੋਕਾਰ ਗੁਰੂ ਨਾਨਕ ਬਾਣੀ ਨੂੰ, ਭਾਰਤੀ ਗਿਆਨ ਪਰੰਪਰਾ ਦੇ ਹਵਾਲੇ ਨਾਲ, ਵੈਦਿਕ ਤੇ ਸਿੱਧ-ਨਾਥ ਪਰੰਪਰਾਵਾਂ ਦੇ ਪਰਿਪੇਖ ਵਿਚ ਰੱਖ ਕੇ ਵਿਚਾਰਨਾ ਹੈ।

ਗੁਰੂ ਨਾਨਕ ਦੇਵ ਸਿੱਖ ਧਰਮ ਦੇ ਮੋਢੀ ਤੇ ਆਦਿ ਗੁਰੂ ਹੋਣ ਦੇ ਨਾਲ ਨਾਲ ਮੱਧਕਾਲੀਨ ਭਾਰਤ ਦੇ ਪ੍ਰਮੁੱਖ ਧਰਮ-ਪ੍ਰਵਰਤਕਾਂ ਵਿਚੋਂ ਹਨ। ਉਨ੍ਹਾਂ ਦੀ ਬਾਣੀ ਸਿੱਖ ਵਿਰਸੇ ਦੇ ਪਾਵਨ ਗ੍ਰੰਥ, ਗੁਰੂ ਗ੍ਰੰਥ ਸਾਹਿਬ, ਵਿਚ ਸ਼ਾਮਿਲ ਹੈ। ਇਸ ਪਾਵਨ ਗ੍ਰੰਥ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ, ਗੁਰੂ ਨਾਨਕ ਦੇਵ ਤੇ ਹੋਰ ਗੁਰੂ-ਵਿਅਕਤੀਆਂ ਦੀ ਬਾਣੀ ਤੋਂ ਇਲਾਵਾ, ਭਾਰਤੀ ਉਪ-ਮਹਾਂਦੀਪ ਦੇ ਵਿਭਿੰਨ ਭੂਗੋਲਿਕ ਖਿੱਤਿਆਂ, ਖੇਤਰੀ ਸਭਿਆਚਾਰਾਂ, ਧਰਮ-ਸੰਪ੍ਰਦਾਵਾਂ ਅਤੇ ਜਾਤ-ਬਰਾਦਰੀਆਂ ਨਾਲ ਸੰਬੰਧਿਤ ਪ੍ਰਮੁੱਖ ਸੰਤਾਂ, ਭਗਤਾਂ ਅਤੇ ਸੂਫ਼ੀ ਸੰਤ ਬਾਬਾ ਫ਼ਰੀਦ ਦੀ ਬਾਣੀ ਵੀ ਸ਼ਾਮਿਲ ਹੈ, ਜੋ ਇਸ ਨੂੰ ਸਮੁੱਚੀ ਮਾਨਵਤਾ ਦੇ ਸਰਬ-ਸਾਂਝੇ ਪਾਵਨ ਗ੍ਰੰਥ ਵਜੋਂ , ਅਦੁੱਤੀ ਮਹੱਤਵ ਪ੍ਰਦਾਨ ਕਰਦੀ ਹੈ।

ਇਸ ਪਾਵਨ ਗ੍ਰੰਥ ਦੀ ਸਿਰਜਣਾ ਤੇ ਸੰਕਲਪਨਾ ਦੇ ਪਿਛੋਕੜ ਵਿਚ ਇਕ ਅਜਿਹੀ ਉਦਾਰ ਮਾਨਵਵਾਦੀ ਵਿਸ਼ਵ-ਦ੍ਰਿਸ਼ਟੀ ਕਾਜਸ਼ੀਲ ਹੈ ਜੋ ਧਾਰਮਿਕ ਸਹਿਨਸ਼ੀਲਤਾ ਤੇ ਸਭਿਆਚਾਰਕ ਸੁਮੇਲ ਦੀ ਭਾਵਨਾ ਨੂੰ ਉਜਾਗਰ ਕਰਦੀ ਹੈ ਤੇ ਭਿੰਨਤਾਵਾਂ ਦਾ ਆਦਰ ਕਰਨਾ ਸਿਖਾਉਂਦੀ ਹੈ। ਇਸ ਸਮੁੱਚੀ ਬਾਣੀ ਦੇ ਵਿਸ਼ੈਗਤ ਸਰੋਕਾਰ, ਮਨੁੱਖੀ ਜੀਵਨ ਦੀ ਨੈਤਿਕ ਤੇ ਅਧਿਆਤਮਕ ਅਗਵਾਈ ਨਾਲ ਸੰਬੰਧਿਤ ਹਨ ਜੋ ਇਸ ਨੂੰ ਅਦੁੱਤੀ ਗਿਆਨ-ਪਾਠ ਦੇ ਰੂਪ ਵਿਚ ਸਥਾਪਿਤ ਕਰਦੇ ਹਨ। ਪਰ ਇਸ ਵਿਚਲਾ ਗਿਆਨ ਕੋਈ

---

* *ਸਾਬਕਾ ਪ੍ਰੋਫੈਸਰ ਤੇ ਮੁਖੀ, ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ।*
*ਆਜੀਵਨ ਫੈਲੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ।*

ਸਾਧਾਰਣ ਗਿਆਨ ਨਹੀਂ ਸਗੋਂ ਜੀਵਨ ਅਤੇ ਯਥਾਰਥ ਦੇ ਪਰਮ ਸੱਚ ਦੀ ਸੋਝੀ ਪ੍ਰਦਾਨ ਕਰਨ ਵਾਲਾ ਮੁਕਤੀਦਾਇਕ ਗਿਆਨ ਹੈ।

ਗੁਰੂ ਨਾਨਕ ਬਾਣੀ ਦੇ ਨਿਕਟ-ਅਧਿਐਨ ਤੋਂ ਪਤਾ ਚੱਲਦਾ ਹੈ ਕਿ ਦਾਰਸ਼ਨਿਕ ਦ੍ਰਿਸ਼ਟੀ ਤੋਂ ਇਸਦੇ ਪ੍ਰੇਰਣਾ-ਸਰੋਤ, ਮੁੱਖ ਤੌਰ ਤੇ, ਵੈਦਿਕ ਪਰੰਪਰਾ ਵਿਚ ਪਏ ਹੋਏ ਹਨ। ਇਸੇ ਤਰ੍ਹਾਂ ਹੀ, ਸਾਹਿਤਕ ਦ੍ਰਿਸ਼ਟੀ ਤੋਂ, ਇਸਦੇ ਸਿਰਜਣਾਤਮਕ ਸਰੋਕਾਰ ਮੱਧਕਾਲੀਨ ਭਾਰਤ ਦੀ ਉਸ 'ਬਾਣੀ ਪਰੰਪਰਾ' ਨਾਲ ਸੰਬੰਧਿਤ ਹਨ ਜਿਸਨੂੰ 'ਸਿੱਧ-ਨਾਥ-ਸੰਤ ਬਾਣੀ ਪਰੰਪਰਾ' ਦਾ ਨਾਮ ਦਿੱਤਾ ਗਿਆ ਹੈ।

ਸਿੱਧ ਨਾਥ ਸੰਤ ਬਾਣੀ ਪਰੰਪਰਾ ਦਾ ਸੰਕਲਪ, ਪਹਿਲੀ ਵਾਰੀ, ਡਾ. ਧਰਮਵੀਰ ਭਾਰਤੀ ਨੇ ਆਪਣੀ ਖੋਜ ਪੁਸਤਕ 'ਸਿੱਧ ਸਾਹਿਤਯ' ਵਿੱਚ ਪ੍ਰਸਤੁਤ ਕੀਤਾ । ਇਹ ਸਿੱਧਾਂ, ਨਾਥਾਂ ਤੇ ਸੰਤਾਂ ਦੀ ਬਾਣੀ ਨੂੰ ਭਾਰਤੀ ਸਾਹਿਤ ਦੀ ਨਿਰੰਤਰ ਧਾਰਾ ਦੇ ਰੂਪ ਵਿੱਚ ਵਿਚਾਰਨ ਦਾ ਉਪਰਾਲਾ ਹੈ।

ਗੁਰੂ ਨਾਨਕ ਬਾਣੀ ਦੀ, ਇਨ੍ਹਾਂ ਦੋਹਾਂ ਪਰੰਪਰਾਵਾਂ ਨਾਲ, ਨਜ਼ਦੀਕੀ ਸਾਂਝ ਦਾ ਪ੍ਰਮਾਣ, ਇਸਦੇ ਪ੍ਰਵਚਨ-ਸੰਸਾਰ ਵਿਚ ਵਰਤੀ ਗਈ ਸੰਕਲਪੀ ਸ਼ਬਦਾਵਲੀ ਅਤੇ ਇਸਦੇ ਵਿਸ਼ੇਗਤ ਸਰੋਕਾਰਾਂ ਤੋਂ ਸਹਿਜੇ ਹੀ ਮਿਲ ਜਾਂਦਾ ਹੈ। ਅਸਲ ਵਿਚ ਇਨ੍ਹਾਂ ਦੋਹਾਂ ਪਰੰਪਰਾਵਾਂ ਨੇ ਸਮੂਹ ਬਾਣੀਕਾਰਾਂ ਦੀ ਸਿੱਧਾਂਤ-ਚੇਤਨਾ ਅਤੇ ਕਾਵਿ-ਸੰਵੇਦਨਾ ਨੂੰ ਡੂੰਘੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਅਜਿਹੀ ਸਥਿਤੀ ਵਿਚ ਗੁਰੂ ਨਾਨਕ ਬਾਣੀ ਨੂੰ ਇਕ ਪਾਸੇ ਵੈਦਿਕ ਪਰੰਪਰਾ ਅਤੇ ਦੂਸਰੇ ਪਾਸੇ ਸਿੱਧ-ਨਾਥ-ਸੰਤ ਬਾਣੀ ਪਰੰਪਰਾ ਦੇ ਅੰਤਰਗਤ ਵਿਚਾਰਨਾ ਬਣਦਾ ਹੈ। ਪਰ ਇਥੇ ਇਕ ਗੱਲ ਚੇਤੇ ਰੱਖਣ ਵਾਲੀ ਹੈ ਕਿ ਗੁਰਬਾਣੀ ਦੇ ਇਨ੍ਹਾਂ ਪ੍ਰੇਰਣਾ-ਸਰੋਤਾਂ ਦੀ ਤਲਾਸ਼ ਦਾ ਅਰਥ ਇਸਦੇ ਮੌਲਿਕ ਚਰਿਤਰ ਤੋਂ ਮੁਨਕਰ ਹੋਣਾ ਨਹੀਂ ਸਗੋਂ ਸਮਾਨਤਾਵਾਂ ਤੇ ਵੱਖਰਤਾਵਾਂ ਦੇ ਹਵਾਲੇ ਨਾਲ ਇਸਦੀ ਨਵੇਕਲੀ ਪਛਾਣ ਨਿਰਧਾਰਿਤ ਕਰਨਾ ਹੈ।

ਸਭ ਤੋਂ ਪਹਿਲਾਂ ਵੈਦਿਕ ਪਰੰਪਰਾ ਬਾਰੇ ਗੱਲ ਕੀਤੀ ਜਾ ਸਕਦੀ ਹੈ। ਇਹ ਪਰੰਪਰਾ ਮੂਲ ਰੂਪ ਵਿਚ ਵੈਦਿਕ ਵਿਰਸੇ ਦੇ ਗਿਆਨ-ਗ੍ਰੰਥਾਂ ਤੋਂ ਪ੍ਰੇਰਿਤ ਹੈ। ਇਸਦਾ ਸੰਬੰਧ ਭਾਰਤੀ ਉਪ-ਮਹਾਦੀਪ ਦੀ ਉਸ ਪੁਰਾਤਨ ਧਰਮ-ਪਰੰਪਰਾ ਨਾਲ ਹੈ ਜਿਸ ਨੂੰ ਸਨਾਤਨ ਧਰਮ ਆਖਿਆ ਜਾਂਦਾ ਹੈ। ਇਹ ਧਰਮ ਭਾਰਤੀ ਸਭਿਅਤਾ ਦੇ ਅੰਤਰਗਤ ਵਿਕਸਿਤ ਹੋਏ ਚਾਰ ਪ੍ਰਮੁੱਖ ਧਰਮਾਂ (ਸਨਾਤਨ ਧਰਮ, ਬੁੱਧ ਧਰਮ, ਜੈਨ ਧਰਮ ਅਤੇ ਸਿੱਖ ਧਰਮ) ਵਿਚ ਸ਼ਾਮਿਲ ਹੈ। ਦੇਖਿਆ ਜਾਵੇ ਤਾਂ ਸਨਾਤਨ ਧਰਮ ਭਾਰਤੀ ਸਭਿਅਤਾ ਦਾ ਪ੍ਰਾਚੀਨਤਮ ਧਰਮ ਹੈ ਅਤੇ ਸਿੱਖ ਧਰਮ ਨਵੀਨਤਮ। ਸਨਾਤਨ ਧਰਮ ਬਾਰੇ ਦਿਲਚਸਪ ਗੱਲ ਇਹ ਹੈ ਕਿ ਇਸ ਦਾ ਪ੍ਰਵਰਤਕ ਜਾਂ ਸੰਸਥਾਪਕ ਕੋਈ ਨਹੀਂ। ਇਹ ਅਨਾਦਿ ਕਾਲ ਤੋਂ, ਲੋਕਧਾਰਾ ਦੇ ਰੂਪ ਵਿਚ ਪ੍ਰਵਾਹਿਤ, ਅਜਿਹੀ ਬਹੁਵਾਦੀ (pluralistic) ਧਰਮ-ਪਰੰਪਰਾ ਹੈ ਜੋ ਪੰਥ, ਮਤ ਅਤੇ ਸੰਪ੍ਰਦਾਵਾਂ ਦੀ ਅਨੇਕਤਾ ਨੂੰ ਪ੍ਰਵਾਨ ਕਰਦੀ ਹੈ। ਇਹੀ ਕਾਰਣ ਹੈ ਕਿ ਇਹ ਅਨੇਕਾਂ ਮਤ-ਮਤਾਂਤਰ, ਵਿਸ਼ਵਾਸ਼-ਪਰੰਪਰਾਵਾਂ, ਧਰਮ-ਸਾਧਨਾਵਾਂ, ਅਤੇ ਪੂਜਾ-ਵਿਧੀਆਂ ਨੂੰ, ਸਹਿਜ ਨਾਲ, ਆਪਣੇ ਅੰਦਰ ਸਮੋ ਲੈਂਦੀ ਹੈ। ਇਸਦੇ ਮੁਕਾਬਲੇ ਤੇ ਬੌਧ, ਜੈਨ ਤੇ ਸਿੱਖ ਧਰਮ ਹਨ ਜੋ ਆਪੋ ਆਪਣੇ ਪ੍ਰਵਰਤਕਾਂ ਤੇ ਗਿਆਨ-ਗ੍ਰੰਥਾਂ ਦੀ ਸਿਖਿਆ ਤੋਂ ਪ੍ਰੇਰਿਤ ਹਨ। ਭਾਰਤੀ ਮੂਲ ਦੇ ਇਨ੍ਹਾਂ ਚਾਰਾਂ ਧਰਮਾਂ ਨੇ ਸੁਤੰਤਰ ਵਿਸ਼ਵ-ਧਰਮਾਂ (World Religions) ਦੇ ਰੂਪ

ਵਿਚ ਆਪੋ ਆਪਣੀ ਨਵੇਕਲੀ ਪਹਿਚਾਣ ਸਥਾਪਿਤ ਕੀਤੀ ਹੈ। ਤਾਂ ਵੀ, ਇਨ੍ਹਾਂ ਵਿਚ, ਪੰਥ, ਮਤ ਤੇ ਜੀਵਨ-ਜਾਚ ਦੀਆਂ ਮੌਲਕ ਭਿੰਨਤਾਵਾਂ ਦੇ ਬਾਵਜੂਦ, ਵਿਸ਼ਵ-ਦ੍ਰਿਸ਼ਟੀ ਦੀ ਅੰਦਰੂਨੀ ਸਾਂਝ ਦੇ ਅਨੇਕਾਂ ਸੂਤਰ ਵੀ ਦ੍ਰਿਸ਼ਟੀਗੋਚਰ ਹੁੰਦੇ ਹਨ ਜੋ 'ਅਨੇਕਤਾ ਵਿਚ ਏਕਤਾ' ਦੀ ਖ਼ੂਬਸੂਰਤ ਮਿਸਾਲ ਪੇਸ਼ ਕਰਦੇ ਹਨ।

ਵੈਦਿਕ ਪਰੰਪਰਾ ਸਰਵੋਤਮ ਪ੍ਰਾਪਤੀ ਵੇਦਾਂਤ ਦਰਸ਼ਨ ਦੇ ਰੂਪ ਵਿੱਚ ਸਾਹਮਣੇ ਆਉਂਦੀ ਹੈ। ਇਹ ਭਾਰਤ ਵੱਲੋਂ ਦੁਨੀਆਂ ਨੂੰ, ਯੋਗਦਾਨ ਦੇ ਰੂਪ ਵਿੱਚ, ਦਿੱਤੇ ਗਏ ਤਿੰਨ ਅਨੁਸ਼ਾਸਨਾਂ (ਆਯੁਰਵੇਦ, ਯੋਗ ਤੇ ਵੇਦਾਂਤ) ਵਿੱਚੋਂ ਇੱਕ ਹੈ। ਆਯੁਰਵੇਦ, ਪ੍ਰਕਿਰਤੀ ਉੱਤੇ ਆਧਾਰਿਤ, ਸਰੀਰਕ ਸਿਹਤ, ਲੰਮੀ ਉਮਰ ਤੇ ਰੋਗ-ਨਿਵਾਰਨ ਦੀ ਵਿਵਸਥਾ ਹੈ। ਯੋਗ, ਸਰੀਰ, ਮਨ ਤੇ ਪ੍ਰਾਣ ਸਾਧਨਾ ਰਾਹੀਂ, ਚਿੱਤ ਦੀ ਬਿਰਤੀਆਂ ਨੂੰ ਉੱਤੇ ਸੰਜਮ ਲਾਉਣਾ ਸਿਖਾਉਂਦਾ ਹੈ। ਇਹ ਧਿਆਨੀ ਇਕਾਗਰਤਾ ਰਾਹੀਂ ਆਪੇ ਨੂੰ ਨਿੱਜ-ਸਰੂਪ ਵਿਚ ਵਿਚ ਟਿਕਾਉਣ ਦੀ ਜੁਗਤ ਹੈ। ਇਸੇ ਤਰ੍ਹਾਂ ਵੇਦਾਂਤ, ਮਨੁੱਖ ਨੂੰ, ਜੀਵਨ ਦੇ ਪਰਮ ਸੱਚ ਦੀ ਸੋਝੀ ਕਰਾ ਕੇ, ਬ੍ਰਹਿਮੰਡ ਨਾਲ ਇੱਕ ਸੁਰ ਹੋ ਕੇ ਜਿਊਣ ਦੀ ਜਾਚ ਸਿਖਾਉਂਦਾ ਹੈ। ਵੇਦਾਂਤ ਦੇ ਮੁੱਖ ਸੋਮੇ ਉਪਨਿਸ਼ਦ, ਬ੍ਰਹਮਸੂਤਰ ਤੇ ਭਗਵਤ ਗੀਤਾ ਮੰਨੇ ਗਏ ਹਨ। ਇਨ੍ਹਾਂ ਨੂੰ 'ਪ੍ਰਸਥਾਨ ਤ੍ਰਈ' ਆਖਿਆ ਜਾਂਦਾ ਹੈ।

ਵੇਦਾਂਤ ਦੀਆਂ ਤਿੰਨ ਸ਼ਾਖਾਵਾਂ ਪ੍ਰਮੁੱਖ ਹਨ - ਅਦਵੈਤ ਵੇਦਾਂਤ, ਵਿਸ਼ਿਸ਼ਟ ਅਦਵੈਤ ਅਤੇ ਦਵੈਤਾਦਵੈਤ। ਆਦਿ ਸ਼ੰਕਰਾਚਾਰੀਆ ਨੂੰ ਅਦਵੈਤ ਵੇਦਾਂਤ ਦਾ, ਰਾਮਾਨੁਜ ਨੂੰ ਵਿਸ਼ਿਸ਼ਟਾਦਵੈਤ ਦਾ ਅਤੇ ਮੱਧਵਿਚਾਰੀਆਂ ਨੂੰ ਦਵੈਤ ਦਾ ਪ੍ਰਵਰਤਕ ਮੰਨਿਆ ਜਾਂਦਾ ਹੈ। ਇਨ੍ਹਾਂ ਵਿਚਲਾ ਮੁੱਖ ਅੰਤਰ ਜੀਵ ਤੇ ਬ੍ਰਹਮ ਦੇ ਆਪਸੀ ਰਿਸ਼ਤੇ ਅਤੇ ਮੋਖ ਦੀ ਪ੍ਰਕਿਰਤੀ ਦੁਆਲੇ ਘੁੰਮਦਾ ਹੈ।

ਵੈਦਿਕ ਪਰੰਪਰਾ ਦੇ ਗਿਆਨ-ਗ੍ਰੰਥਾਂ ਨੂੰ, ਮੁੱਖ ਤੌਰ ਤੇ, ਦੋ ਵਰਗਾਂ ਵਿੱਚ ਵੰਡਿਆ ਜਾਂਦਾ ਹੈ - ਸ਼ਰੁਤੀ (श्रुति) ਤੇ ਸਮ੍ਰਿਤੀ (स्मृति) । 'ਸ਼ਰੁਤੀ' ਦੇ ਅੰਤਰਗਤ ਸਮੁੱਚਾ ਵੈਦਿਕ ਸਾਹਿਤ (ਵਾਂਗਮਯ) ਆ ਜਾਂਦਾ ਹੈ। ਇਸ ਵਿਚ ਚਾਰ ਵੇਦ (ਰਿਗਵੇਦ, ਸਾਮਵੇਦ, ਯਜੁਰਵੇਦ ਅਤੇ ਅਥਰਵਵੇਦ) ਤੇ ਉਨ੍ਹਾਂ ਦੇ ਚਾਰ ਭਾਗ (ਸੰਹਿਤਾ, ਬ੍ਰਾਹਮਣ ਗ੍ਰੰਥ, ਆਰਣਯਕ ਤੇ ਉਪਨਿਸ਼ਦ) ਆਉਂਦੇ ਹਨ। ਇਨ੍ਹਾਂ ਵਿਚੋਂ ਰਿਗਵੇਦ ਸਭ ਤੋਂ ਪ੍ਰਾਚੀਨ ਹੈ, ਜਿਸਦੀ ਰਚਨਾ ਅੱਜ ਤੋਂ ਤਕਰੀਬਨ ਪੰਜ ਹਜ਼ਾਰ ਸਾਲ ਪਹਿਲਾਂ ਹੋਈ ਮੰਨੀ ਜਾਂਦੀ ਹੈ। ਪ੍ਰਚੱਲਤ ਰਵਾਇਤ ਅਨੁਸਾਰ ਵੇਦਾਂ ਨੂੰ ਅਨਾਦੀ ਅਤੇ ਅਪੌਰੁਸ਼ੇਯ ਮੰਨਿਆਂ ਗਿਆ ਹੈ। ਜਿਸਦਾ ਭਾਵ ਇਹ ਹੈ ਕਿ ਇਨ੍ਹਾਂ ਦਾ ਕਰਤਾ, ਕੋਈ ਵਿਸ਼ੇਸ਼ ਪੁਰਖ ਜਾਂ ਵਿਅਕਤੀ ਨਹੀਂ। ਅਰਥਾਤ ਇਨ੍ਹਾਂ ਵਿਚਲਾ ਪ੍ਰਵਚਨ ਪ੍ਰਸੰਗ-ਮੁਕਤ (non-contingent) ਹੈ ਜਿਸਦੀ ਆਮਦ 'ਮੰਤਰ-ਦ੍ਰਸ਼ਟਾ' ਰਿਸ਼ੀਆਂ ਨੂੰ ਆਵੇਸ਼ ਦੇ ਛਿਣਾਂ ਵਿਚ ਹੋਈ ਹੈ। 'ਸਮ੍ਰਿਤੀ' ਦੇ ਅੰਤਰਗਤ ਸਾਰੇ ਹੋਰ ਗਿਆਨ-ਗ੍ਰੰਥ ਆ ਜਾਂਦੇ ਹਨ ਜੋ ਰਿਸ਼ੀਆਂ ਦੀ ਸਿਮਰਤੀ (ਯਾਦ) ਉੱਤੇ ਆਧਾਰਿਤ ਹਨ। ਇਨ੍ਹਾਂ ਵਿੱਚ ਮੁੱਖ ਤੌਰ ਤੇ ਦਰਸ਼ਨ-ਸ਼ਾਸਤਰ, ਧਰਮ-ਸ਼ਾਸਤਰ, ਇਤਿਹਾਸ (ਰਾਮਾਇਣ ਤੇ ਮਹਾਭਾਰਤ) ਅਤੇ ਪੁਰਾਣ ਆ ਜਾਂਦੇ ਹਨ। ਇਨ੍ਹਾਂ ਦੀ ਸਿਰਜਣਾ ਧਰਮ (ਨੈਤਿਕਤਾ) ਦੇ ਨੇਮਾਂ ਨੂੰ ਨਿਰਧਾਰਿਤ ਕਰਨ ਜਾਂ ਪ੍ਰਮਾਣਿਤ ਕਰਨ ਲਈ ਹੋਈ ਹੈ।

ਵਿਦਵਾਨਾਂ ਵਲੋਂ ਆਮ ਤੌਰ ਤੇ, ਵੇਦਾਂ ਦੇ 'ਸੰਹਿਤਾ' ਜਾਂ ਮੰਤਰ ਭਾਗ ਨੂੰ ਉਪਾਸਨਾ ਕਾਂਡ ਦੇ ਅੰਤਰਗਤ ਰੱਖਿਆ ਜਾਂਦਾ ਹੈ। ਇਸੇ ਤਰ੍ਹਾਂ ਇਨ੍ਹਾਂ ਦੇ 'ਬ੍ਰਾਹਮਣ' ਭਾਗ ਨੂੰ ਕਰਮ ਕਾਂਡ ਦੇ ਅਤੇ 'ਆਰਣਯਕ' ਭਾਗ ਨੂੰ ਗਿਆਨ ਕਾਂਡ ਦੇ ਅੰਤਰਗਤ ਰੱਖਿਆ ਜਾਂਦਾ ਹੈ। ਉਪਨਿਸ਼ਦਾਂ ਨੂੰ ਵੇਦਾਂ ਦਾ ਅੰਤਿਮ ਭਾਗ ਮੰਨਿਆਂ ਜਾਂਦਾ ਹੈ ਜੋ ਵੇਦਾਂਤ ਅਖਵਾਉਂਦਾ ਹੈ। ਇਨ੍ਹਾਂ ਦਾ ਮੁੱਖ ਵਿਸ਼ਾ 'ਬ੍ਰਹਮ

ਵਿਦਿਆ' ਜਾਂ ਦਾਰਸ਼ਨਿਕ ਚਿੰਤਨ ਹੈ। ਦਿਲਚਸਪ ਗੱਲ ਇਹ ਹੈ ਕਿ ਬਾਣੀਕਾਰਾਂ ਨੇ ਵੈਦਿਕ ਵਿਰਸੇ ਦੇ ਉਪਾਸਨਾ ਕਾਂਡ ਤੇ ਕਰਮ ਕਾਂਡ ਨਾਲੋਂ ਵਧੇਰੇ ਗਿਆਨ ਕਾਂਡ ਨਾਲ ਅਤੇ ਮੁੱਖ ਤੌਰ ਤੇ ਉਨਿਸ਼ਦਾਂ ਦੇ ਵੇਦਾਂਤਕ ਫਲਸਫੇ ਨਾਲ ਆਪਣਾ ਸਰੋਕਾਰ ਜੋੜਿਆ ਹੈ।

ਰਿਗਵੇਦ ਵਿਚ ਵਰਤੇ ਗਏ ਪ੍ਰਮੁੱਖ ਦਾਰਸ਼ਨਿਕ ਸੰਕਲਪ ਹਨ 'ਸਤਿ' (सत्यं) ਤੇ 'ਰਿਤ' (ऋतं)। ਸਤਿ ਵੇਦਾਂ ਦੀ ਕੇਂਦਰੀ ਥੀਮ ਦਾ ਲਖਾਇਕ ਹੈ ਇਸ ਦੀ ਤੁਲਨਾ ਰਿਤ ਨਾਲ ਵੀ ਕੀਤੀ ਜਾਂਦੀ ਹੈ। ਇਨ੍ਹਾਂ ਦਾ ਵਿਰੋਧ-ਜੁੱਟ ਅਸੱਤ ਤੇ ਅਨ੍ਰਿਤ ਨੂੰ ਮੰਨਿਆ ਗਿਆ ਹੈ। ਵੇਦਾਂ ਦੀ ਸੰਕਲਪੀ ਸ਼ਬਦਾਵਲੀ ਅਨੁਸਾਰ ਸਤਿ (सत् / सत्य) ਸ਼ਬਦ ਦੀ ਵਰਤੋਂ ਦੋ ਅਰਥਾਂ ਵਿਚ ਕੀਤੀ ਗਈ ਹੈ - ਸਚ ਅਤੇ ਹੋਂਦ। ਇਹ ਸ੍ਰਿਸ਼ਟੀ ਦੇ ਪਰਮ ਸਚ ਜਾਂ ਯਥਾਰਥ ਦਾ ਬੋਧਕ ਹੈ। ਇਸੇ ਤਰ੍ਹਾਂ ਰਿਤ ਨੂੰ ਸ੍ਰਿਸ਼ਟੀ ਵਿੱਚ ਵਿਆਪਕ ਪ੍ਰਕ੍ਰਿਤਿਕ ਵਿਧਾਨ ਦੇ ਰੂਪ ਵਿੱਚ ਸੰਕਲਪਿਆ ਗਿਆ ਹੈ। ਸਮਾ ਪਾ ਕੇ ਇਹ ਸ਼ਬਦ ਪ੍ਰਕ੍ਰਿਤਿਕ ਵਿਧਾਨ ਦੇ ਨਾਲ ਨਾਲ ਵਿਸ਼ਵ-ਵਿਆਪੀ ਨੈਤਿਕ ਵਿਧਾਨ (ਧਰਮ) ਦਾ ਬੋਧਕ ਵੀ ਬਣ ਜਾਂਦਾ ਹੈ।

ਗੁਰੂ ਨਾਨਕ ਬਾਣੀ ਦੇ ਪ੍ਰਵਚਨ ਸੰਸਾਰ ਵਿਚਲੇ ਸਚ/ਕੂੜ ਤੇ ਸਚਿਆਰ/ ਕੂੜਿਆਰ ਦੇ ਸੰਕਲਪੀ ਵਿਰੋਧ-ਜੁੱਟ ਨੂੰ ਸਹਿਜੇ ਹੀ ਵੈਦਿਕ ਪਰੰਪਰਾ ਦੇ ਸਤਿ/ਅਸਤਿ ਤੇ ਰਿਤ/ਅਨ੍ਰਿਤ ਦੇ ਵਿਰੋਧ-ਜੁੱਟ ਦੇ ਸਨਮੁਖ ਰੱਖ ਕੇ ਦੇਖਿਆਂ ਜਾ ਸਕਦਾ ਹੈ। ਗੁਰੂ ਨਾਨਕ ਬਾਣੀ ਇਨ੍ਹਾਂ ਸੰਕਲਪਾਂ ਨਾਲ ਸੰਵਾਦ ਰਚਾ ਕੇ ਇਨ੍ਹਾਂ ਨੂੰ ਅਰਥਾਂ ਦੇ ਨਵੇਂ ਸੰਦਰਭ ਪ੍ਰਦਾਨ ਕਰਦਾ ਹੈ। ਇਸ ਮੰਤਵ ਲਈ ਜਪੁਜੀ ਸਾਹਿਬ ਦੀਆਂ ਨਿਮਨ-ਅੰਕਿਤ ਪੰਗਤੀਆਂ ਦੇਖੀਆਂ ਜਾ ਸਕਦੀਆਂ ਹਨ :

ਆਦਿ ਸਚੁ ਜੁਗਾਦਿ ਸਚੁ ॥

ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥ (ਗੁਰੂ ਗ੍ਰੰਥ ਸਾਹਿਬ, 1)

ਜਪੁਜੀ ਸਾਹਿਬ ਦਾ ਇਹ ਸ਼ਲੋਕ ਸਚ ਨੂੰ ਸਦੀਵੀ ਹੋਂਦ ਦੇ ਰੂਪ ਵਿਚ ਪਰਿਭਾਸ਼ਿਤ ਕਰਦਿਆਂ ਉਸ ਨੂੰ ਪਰਮ ਯਥਾਰਥ (Ultimate Reality) ਦਾ ਲਖਾਇਕ ਬਣਾ ਕੇ ਨਵੇਂ ਅਰਥ ਪ੍ਰਦਾਨ ਕਰਦਾ ਹੈ। ਮਨੁੱਖ ਦੀ ਅਧਿਆਤਮਕ ਸਮੱਸਿਆ ਇਸ ਪਰਮ ਸਚ ਦਾ ਅਨੁਸਾਰੀ ਹੋਣਾ ਜਾਂ ਸਚਿਆਰ ਹੋਣਾ ਹੈ। ਜਪੁਜੀ ਸਾਹਿਬ ਸਚ ਤੇ ਕੂੜ ਦਾ ਵਿਰੋਧ-ਜੁੱਟ ਇਸੇ ਸਥਿਤੀ ਵਲ ਸੰਕੇਤ ਕਰਦਾ ਹੈ :

ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥

ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥੧॥ (ਗੁਰੂ ਗ੍ਰੰਥ ਸਾਹਿਬ, 1)

ਸਚਿਆਰ ਹੋਣ ਲਈ ਕੂੜ ਦੀ ਪਾਲਿ (ਕੰਧ) ਨੂੰ ਤੋੜਨਾ ਵੀ ਜ਼ਰੂਰੀ ਹੈ। ਪਰ ਇੱਥੇ ਗੱਲ ਮੁਕਦੀ ਨਹੀਂ। ਗੁਰੂ ਕਵੀ ਅਨੁਸਾਰ, ਸਚਿਆਰ ਹੋਣ ਦੇ ਰਸਤੇ ਦੀ ਸਭ ਤੋਂ ਵੱਡੀ ਰੁਕਾਵਟ ਤਾਂ ਹਉਮੈ ਹੈ ਜੋ ਮਨੁੱਖ ਨੂੰ ਸਵੈ-ਕੇਂਦ੍ਰਿਤ ਕਰ ਕੇ ਆਪੇ ਦੀ ਤੰਗ ਵਲਗਣ ਵਿਚ ਕੈਦ ਕਰ ਦਿੰਦੀ ਹੈ। ਇਸ ਵਿਚੋਂ ਨਿਕਲਣ ਦਾ ਰਾਹ ਹੈ - 'ਹੁਕਮਿ' ਦੀ ਰਜ਼ਾ ਅਨੁਸਾਰ ਚੱਲਣਾ। ਹੁਕਮ ਦਾ ਇਹ ਸੰਕਲਪ ਸ੍ਰਿਸ਼ਟੀ ਵਿਚਲੇ ਸਰਬ-ਵਿਆਪੀ ਪ੍ਰਕਿਰਤਕ ਤੇ ਨੈਤਿਕ ਵਿਧਾਨ ਦਾ ਲਖਾਇਕ ਬਣ ਕੇ ਸਾਨੂੰ 'ਵੈਦਿਕ ਰਿਤ' ਦੇ ਸਨਮੁਖ ਕਰ ਦਿੰਦਾ ਹੈ।

ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥

ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥੨॥(ਗੁਰੂ ਗ੍ਰੰਥ ਸਾਹਿਬ, 1)

ਦਿਲਚਸਪ ਗੱਲ ਇਹ ਹੈ ਕਿ ਗੁਰੂ ਕਵੀ ਨੇ ਇਸੇ ਬਾਣੀ ਵਿਚ ਅੱਗੇ ਜਾਕੇ 'ਧਰਮ' ਦੀ ਵੈਦਿਕ ਸੰਕਲਪਨਾ ਨੂੰ ਸ੍ਰਿਸ਼ਟੀ ਵਿਚਲੇ ਨੈਤਿਕ ਵਿਧਾਨ ਦੇ ਇਨ੍ਹਾਂ ਅਰਥਾਂ ਵਿਚ ਹੀ ਵਰਤਿਆ ਹੈ। 'ਧਰਮ' ਦਾ ਕੋਸ਼-ਅਰਥ ਹੈ - ਧਾਰਣ ਕਰਨਾ, ਲੈ ਜਾਣਾ, ਕਾਇਮ ਰੱਖਣਾ ਜਾਂ ਵਿਵਹਾਰ ਕਰਨਾ। ਇਸ ਤਰ੍ਹਾਂ ਤਕਨੀਕੀ ਅਰਥਾਂ ਵਿਚ 'ਧਰਮ' ਪ੍ਰਕਿਰਤੀ ਅਤੇ ਬ੍ਰਹਿਮੰਡ ਵਿਚ ਵਿਆਪਕ ਨੇਮ-ਵਿਧਾਨ ਅਤੇ ਸਾਮਾਜਿਕ ਜੀਵਨ ਨੂੰ ਨਿਯੰਤਰਿਤ ਕਰਨ ਵਾਲੀ ਨੈਤਿਕ ਵਿਵਸਥਾ ਦਾ ਲਖਾਇਕ ਬਣ ਜਾਂਦਾ ਹੈ :

ਧੌਲੁ ਧਰਮੁ ਦਇਆ ਕਾ ਪੂਤੁ ॥ ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥

ਜੇ ਕੋ ਬੁਝੈ ਹੋਵੈ ਸਚਿਆਰੁ ॥ ਧਵਲੈ ਉਪਰਿ ਕੇਤਾ ਭਾਰੁ ॥

ਧਰਤੀ ਹੋਰੁ ਪਰੈ ਹੋਰੁ ਹੋਰੁ ॥ ਤਿਸ ਤੇ ਭਾਰੁ ਤਲੈ ਕਵਣੁ ਜੋਰੁ ॥ (ਗੁਰੂ ਗ੍ਰੰਥ ਸਾਹਿਬ, 3)

ਇੱਥੇ ਧਰਮ ਦੀ ਤੁਲਨਾ ਉਸ ਪੌਰਾਣਿਕ ਬਲਦ ਨਾਲ ਕੀਤੀ ਗਈ ਹੈ ਜਿਸ ਨੇ ਧਰਤੀ ਨੂੰ ਆਪਣੇ ਸਿੰਗਾਂ ਤੇ ਚੁੱਕਿਆ ਹੋਇਆ ਹੈ। ਇਹ ਬਲਦ ਦਇਆ ਦਾ ਪੁੱਤਰ ਹੈ ਤੇ ਸੰਖੋਖ ਨੇ ਇਸ ਨੂੰ ਥਾਪਿਆ ਹੋਇਆ ਹੈ। ਦਇਆ ਤੇ ਸੰਤੋਖ ਸਾਮਾਜਿਕ ਵਿਵਸਥਾ ਵਿਚ ਸੰਤੁਲਨ ਰੱਖਣ ਵਾਲੀਆਂ ਬੁਨਿਆਦੀ ਨੈਤਿਕ ਕਦਰਾਂ ਹਨ। ਦਇਆ ਦੂਜੇ ਉੱਤੇ ਕੀਤੀ ਜਾਂਦੀ ਹੈ ਤੇ ਸੰਤੋਖ ਦਾ ਸੰਜਮ ਆਪਣੇ ਆਪ ਤੇ ਲਾਇਆ ਜਾਂਦਾ ਹੈ।

ਇਸ ਤਰ੍ਹਾਂ, ਗੁਰੂ ਨਾਨਕ ਬਾਣੀ ਵੈਦਿਕ ਵਿਰਸੇ ਦੇ ਗਿਆਨ ਗ੍ਰੰਥਾਂ ਅਤੇ ਉਨ੍ਹਾਂ ਵਿੱਚ ਪੇਸ਼ ਹੋਏ ਦਾਰਸ਼ਨਿਕ ਸੰਕਲਪਾਂ ਨਾਲ ਸੰਵਾਦ ਰਚਾਉਂਦੀ ਹੈ। ਇਸ ਪ੍ਰਸੰਗ ਵਿੱਚ ਵਿਸ਼ੇਸ਼ ਤੌਰ ਤੇ ਰਿਗਵੇਦ ਦੇ 'ਨਾਸਦੀਯ ਸੂਕਤ' ਦਾ ਹਵਾਲਾ ਦਿੱਤਾ ਜਾ ਸਕਦਾ ਹੈ। ਸ੍ਰਿਸ਼ਟੀ ਰਚਨਾ ਤੇ ਇਸ ਤੋਂ ਪੂਰਵਲੀ ਸੁੰਨ ਅਵਸਥਾ ਬਾਰੇ ਮੁੱਢਲੇ ਦਾਰਸ਼ਨਿਕ ਪ੍ਰਸ਼ਨ ਉਠਾਉਣ ਵਾਲੀ ਇਹ ਰਚਨਾ ਦੁਨੀਆਂ ਦੀ ਪਹਿਲੀ ਦਾਰਸ਼ਨਿਕ ਰਚਨਾ ਹੈ। ਗੁਰੂ ਨਾਨਕ ਦੇਵ ਜੀ ਦੀ 'ਮਾਰੂ ਸੋਹਲੇ' ਰਚਨਾ ਵੀ ਨਾਸਦੀਯ ਸੂਕਤ ਵਿਚਲੀ ਦਾਰਸ਼ਨਿਕ ਸਥਿਤੀ ਨੂੰ ਸੰਬੋਧਿਤ ਹੁੰਦੀ ਹੈ। ਇਸ ਨੂੰ, ਸਹਿਵਨ ਹੀ, ਨਾਸਦੀਯ ਸੂਕਤ ਨਾਲ ਰਚਾਏ ਸੰਵਾਦ ਦੇ ਰੂਪ ਵਿੱਚ ਦੇਖਿਆ ਜਾ ਸਕਦਾ ਹੈ। ਇਨ੍ਹਾਂ ਦੋਹਾਂ ਰਚਨਾਵਾਂ ਨੂੰ ਤੁਲਨਾਤਮਕ ਪਰਿਪੇਖ ਵਿੱਚ ਰੱਖ ਕੇ ਵਾਚਣਾ ਬਹੁਤ ਦਿਲਚਸਪ ਹੋਵੇਗਾ।

ਨਾਸਦੀਯ ਸੂਕਤ ਦੇ ਪੰਜਾਬੀ ਕਾਵਿ-ਅਨੁਵਾਦ ਦੀਆਂ ਕੁਝ ਪੰਗਤੀਆਂ ਪੇਸ਼ ਹਨ :

ਅਸਤਿ ਨਹੀਂ ਸੀ ਤਦੋਂ, ਨਾ ਹੀ ਸਤਿ ਸੀ, ਅੰਬਰ ਨਹੀਂ ਸੀ, ਨਾ ਹੀ ਪਾਰ ਫੈਲਿਆ ਮਹਾ-ਆਕਾਸ਼।

ਕੱਜਿਆ ਕੀ ਸੀ ਤੇ ਕਿੱਥੇ? ਕਿਸ ਨੇ ਥੰਮਿਆਂ ਸੀ ਓਸਨੂੰ? ਤਦੋਂ ਤਾਂ ਅਗਮ ਅਗਾਧ ਜਲ ਵੀ ਕਿੱਥੇ ਸੀ?

ਮੌਤ ਨਹੀਂ ਸੀ ਤਦੋਂ, ਨਾ ਹੀ ਅਮਰ ਜੀਵਨ, ਦਿਨ ਤੇ ਰਾਤ ਨੂੰ ਵੱਖ ਕਰਨ ਦਾ ਸੰਕੇਤ ਨਹੀਂ ਸੀ ਕੋਈ।

ਪਰ, ਸੁਆਸ ਵਿਹੂਣਾ, ਆਪਣੇ ਆਪ ਤੇ ਨਿਰਭਰ, ਕੇਵਲ ਇਕ ਸੀ ਤਦੋਂ, ਉਸ ਤੋਂ ਸਿਵਾ ਕੋਈ ਦੂਸਰਾ ਨਹੀਂ ਸੀ।

ਹਨੇਰਾ ਸੀ ਤਦੋਂ, ਹਨੇਰੇ ਨਾਲ ਕੱਜਿਆ, ਧੁੰਧੂਕਾਰ ਸੀ ਚਾਰ-ਚੁਫੇਰੇ।

ਹੈ ਸੀ ਤਾਂ ਬਸ ਨਿਰਾਕਾਰ ਸੁੰਨ, ਤਪਸ਼ ਦੀ ਮਹਾ ਊਰਜਾ ਤੋਂ ਉਪਜਿਆ ਪੁੰਜ।

ਫੇਰ ਪਹਿਲੋਂ ਪਹਿਲ, ਕਾਮਨਾ ਦਾ ਹੋਇਆ ਉਭਾਰ, ਮਨ ਦਾ ਆਦਿ-ਜੁਗਾਦੀ ਬੀਜ।

ਅੰਤਰ ਦੀ ਸੂਝ ਵਾਲੇ ਮੁਨੀਜਨਾਂ, ਜਾਣ ਲਿਆ ਸੀ ਭਲੀ ਭਾਂਤ, ਰਿਸ਼ਤਾ ਕੀ ਹੈ, ਹੋਂਦ ਦਾ ਅਣਹੋਂਦ ਨਾਲ।

ਫੈਲਾ ਦਿੱਤਾ ਉਨ੍ਹਾਂ ਸੂਤਰ ਨੂੰ, ਮਹਾ ਸੁੰਨ ਦੇ ਆਰ ਪਾਰ, ਉੱਪਰ-ਵਾਰ ਤੇ ਹੇਠਾਂ ਵੀ।

ਧਾਰਣੀ ਮਹਾ ਸ਼ਕਤੀਆਂ ਤਤਪਰ ਸਨ ਓਥੇ, ਹੇਠਾਂ ਸੀ ਸੱਤਿਆ, ਉੱਪਰ ਅਸੀਮ ਊਰਜਾ।

ਜਾਣਦਾ ਹੈ ਕੌਣ ਅਸਲ ਵਿਚ, ਤੇ ਆਖ ਸਕਦਾ ਹੈ ਕੌਣ? ਕਿੱਥੋਂ ਨਿੰਮਿਆ, ਕਿਵੇਂ ਉਪਜਿਆ ਇਹ ਸੰਸਾਰ?

ਦੇਵਤੇ ਵੀ ਸ੍ਰਿਸ਼ਟੀ ਤੋਂ ਮਗਰੋਂ ਹਨ, ਤਾਂ ਫਿਰ ਕੌਣ ਜਾਣਦਾ ਹੈ, ਰਚੀ ਗਈ ਕਦੋਂ ਇਹ ਰਚਨਾ?

ਕੌਣ ਹੈ ਸ੍ਰਿਸ਼ਟੀ ਦਾ ਕਰਤਾ, ਕਰਤਾ ਜਾਂ ਅਕਰਤਾ, ਅੰਤਰਯਾਮੀ ਕੌਣ ਹੈ, ਉੱਚੇ ਅੰਬਰਾਂ ਵਾਲੀ ਇਸ ਧਰਤ ਦਾ?

ਓਹੀ ਜਾਣਦਾ ਹੈ, ਜੋ ਹੈ ਸੁਆਮੀ ਏਸਦਾ; ਜਾਂ ਫੇਰ ਸ਼ਾਇਦ ਉਹ ਵੀ ਨਹੀਂ ਜਾਣਦਾ।

ਰਿਗਵੇਦ 129.10 (ਅਨੁਵਾਦ: ਜਗਬੀਰ ਸਿੰਘ)

ਵੈਦਿਕ ਵਿਰਸੇ ਦੀ ਇਸ ਮਹਾਂਕਥਾ ਵਿੱਚ ਤਿੰਨ ਸੂਤਰ ਧਿਆਨ ਯੋਗ ਹਨ : 1. ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਨਿਰਾਕਾਰ ਸੁੰਨ ਦੀ ਅਵਸਥਾ ਵਿਦਮਾਨ ਸੀ। 2. ਪਰ ਇਸ ਪਰਮ ਸੁਨ ਦੀ ਅਵਸਥਾ ਵਿੱਚ ਵੀ ਉਸ ਰਹੱਸਮਈ ਇੱਕ ਜਾਂ ਏਕਮ ਦੀ ਹੋਂਦ ਮੌਜੂਦ ਸੀ ਜੋ ਬਿਨਾਂ ਸਵਾਸ ਦੇ ਸਵੈ ਆਧਾਰੀ ਰੂਪ ਵਿੱਚ ਵਿੱਦਮਾਨ ਸੀ। 3. ਇੱਥੇ ਸ੍ਰਿਸ਼ਟੀ ਰਚਨਾ ਦਾ ਮੂਲ ਕਾਰਨ ਉਸ ਰਹੱਸਮਈ ਏਕਮ ਦੇ ਮਨ ਵਿੱਚ ਉਭਰੀ ਕਾਮਨਾ ਦੀ ਲਹਿਰ ਨੂੰ ਮੰਨਿਆ ਗਿਆ ਹੈ।

ਗੁਰੂ ਨਾਨਕ ਬਾਣੀ ਇਨ੍ਹਾਂ ਤਿੰਨਾਂ ਸੂਤਰਾਂ ਨਾਲ ਰਚਨਾਤਮਕ ਸੰਵਾਦ ਰਚਾਉਂਦੀ ਹੈ। ਇਹ ਸ੍ਰਿਸ਼ਟੀ ਰਚਨਾ ਤੋਂ ਪੂਰਬਲੀ ਸੁੰਨ- ਅਵਸਥਾ ਦਾ ਵਰਣਨ ਆਪਣੇ ਅੰਦਾਜ਼ ਵਿਚ ਕਰਦੀ ਹੈ। ਇਸਦਾ ਪ੍ਰਭਾਵਸ਼ਾਲੀ ਬਿਰਤਾਂਤ 'ਮਾਰੂ ਸੋਲਹੇ' ਰਚਨਾ ਵਿਚ ਮਿਲਦਾ ਹੈ। ਮਿਸਾਲ ਵਜੋਂ ਇਸ ਰਚਨਾ ਦੀਆਂ ਕੁਝ ਪੰਗਤੀਆਂ ਪੇਸ਼ ਹਨ :

ਅਰਬਦ ਨਰਬਦ ਧੁੰਧੂਕਾਰਾ ॥ ਧਰਣਿ ਨ ਗਗਨਾ ਹੁਕਮੁ ਅਪਾਰਾ ॥

ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ ॥1॥

ਖਾਣੀ ਨ ਬਾਣੀ ਪਉਣ ਨ ਪਾਣੀ ॥ ਓਪਤਿ ਖਪਤਿ ਨ ਆਵਣ ਜਾਣੀ ॥

ਖੰਡ ਪਤਾਲ ਸਪਤ ਨਹੀ ਸਾਗਰ ਨਦੀ ਨ ਨੀਰੁ ਵਹਾਇਦਾ "

ਇੱਥੇ ਸ੍ਰਿਸ਼ਟੀ ਰਚਨਾ ਤੋਂ ਪੂਰਬਲੀ ਸੁੰਨ ਅਵਸਥਾ ਨੂੰ ਨਿਰਗੁਣ ਨਿਰਾਕਾਰ ਬ੍ਰਹਮ ਦੀ ਸੁੰਨ-ਸਮਾਧੀ ਵਜੋਂ ਚਿਤਵਿਆ ਗਿਆ ਹੈ। ਸੁੰਨ (ਸ਼ੂਨਯ) ਜਾਂ ਧੁੰਧੂਕਾਰ ਦੀ ਇਹ ਅਵਸਥਾ ਹੋਂਦ ਅਤੇ ਨਿਹ-ਹੋਂਦ ਤੋਂ ਪਾਰ ਦੀ ਅਵਸਥਾ ਹੈ ਜੋ ਕੇਵਲ ਕਲਪਨਾ ਜਾਂ ਰਹੱਸ-ਅਨੁਭਵ ਦਾ ਵਿਸ਼ਾ ਹੈ। ਰਿਗਵੇਦ ਵਿਚ ਵੀ ਇਸੇ ਕਿਸਮ ਦੀ ਬ੍ਰਹਿਮੰਡਕ ਸਥਿਤੀ ਦਾ ਵਰਣਨ ਕੀਤਾ ਗਿਆ ਹੈ ਜੋ ਭਾਰਤੀ ਪਰਾਭੌਤਿਕਤਾ ਦੀ ਵਿਲੱਖਣ ਪ੍ਰਾਪਤੀ ਮੰਨੀ ਜਾਂਦੀ ਹੈ। ਪਰ ਇਸ ਸੁੰਨ-ਅਵਸਥਾ ਵਿਚੋਂ ਸ੍ਰਿਸ਼ਟੀ ਰਚਨਾ ਕਿਵੇਂ ਹੋਈ? ਗੁਰੂ ਕਵੀ ਨੇ ਮਾਰੂ ਸੋਲਹੇ ਰਚਨਾ ਵਿਚ ਇਸ ਦਾ ਉੱਤਰ ਬ੍ਰਹਮ ਦੀ ਸਗੁਣ ਅਵਸਥਾ ਦੇ ਮਾਧਿਅਮ ਰਾਹੀਂ ਦਿੱਤਾ ਹੈ :

ਜਾ ਤਿਸੁ ਭਾਣਾ ਤਾ ਜਗਤੁ ਉਪਾਇਆ ॥

ਬਾਝੁ ਕਲਾ ਆਡਾਣੁ ਰਹਾਇਆ ॥

ਬ੍ਰਹਮਾ ਬਿਸਨੁ ਮਹੇਸੁ ਉਪਾਏਮਾਇਆ ਮੋਹੁ ਵਧਾਇਦਾ ॥14॥

ਵਿਰਲੇ ਕਉ ਗੁਰਿ ਸਬਦੁ ਸੁਣਾਇਆ ॥

ਕਰਿ ਕਰਿ ਦੇਖੈ ਹੁਕਮੁ ਸਬਾਇਆ ॥

ਖੰਡ ਬ੍ਰਹਮੰਡ ਪਾਤਾਲ ਅਰੰਭੇ ਗੁਪਤਹੁ ਪਰਗਟੀ ਆਇਦਾ ॥15॥

ਤਾ ਕਾ ਅੰਤੁ ਨ ਜਾਣੈ ਕੋਈ ॥ ਪੂਰੇ ਗੁਰ ਤੇ ਸੋਝੀ ਹੋਈ ॥

ਨਾਨਕ ਸਾਚਿ ਰਤੇ ਬਿਸਮਾਦੀ ਬਿਸਮ ਭਏ ਗੁਣ ਗਾਇਦਾ ॥

ਇਸ ਤਰ੍ਹਾਂ ਗੁਰੂ ਨਾਨਕ ਬਾਣੀ ਸ੍ਰਿਸ਼ਟੀ ਰਚਨਾ ਦੀ ਵੈਦਿਕ ਮਹਾ-ਕਥਾ (meta-narrative) ਨਾਲ ਸਾਂਝ ਪਾਉਂਦੀ ਹੈ ਅਤੇ ਰਚਨਾਤਮਕ ਸੰਵਾਦ ਰਾਹੀਂ, ਇਸ ਮਹਾ-ਕਥਾ ਨੂੰ ਆਪਣੇ ਦਾਰਸ਼ਨਿਕ ਦ੍ਰਿਸ਼ਟੀਕੋਣ ਤੋਂ ਨਵਾਂ ਸੰਦਰਭ ਪ੍ਰਦਾਨ ਕਰਦੀ ਹੈ। ਗੁਰੂ ਨਾਨਕ ਦੇਵ ਨੇ ਸ੍ਰਿਸ਼ਟੀ ਰਚਨਾ ਦੀ ਇਸੇ ਮਹਾ-ਕਥਾ ਨੂੰ, ਨਿਮਨ-ਅੰਕਿਤ ਪੰਗਤੀਆਂ ਵਿਚ, ਲੋਕ ਮੁਹਾਵਰੇ ਰਾਹੀਂ ਪੁਨਰ-ਸਿਰਜਿਤ ਕੀਤਾ ਹੈ :

ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ ॥

ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ ॥ (ਗੁਰੂ ਗ੍ਰੰਥ ਸਾਹਿਬ, 19)

ਜਪੁਜੀ ਸਾਹਿਬ ਦੇ ਆਰੰਭ ਵਿੱਚ ਦਿੱਤੇ ਗਏ ਮੂਲ ਮੰਤਰ ਨੂੰ ਵੀ ਇਸੇ ਦਾਰਸ਼ਨਿਕ ਪ੍ਰਸੰਗ ਵਿੱਚ ਰੱਖ ਕੇ ਵਾਚਿਆ ਜਾ ਸਕਦਾ ਹੈ :

੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ

ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥ (ਗੁਰੂ ਗ੍ਰੰਥ ਸਾਹਿਬ,

ਇਹ ਮੂਲ ਮੰਤਰ, ਅਸਲ ਵਿਚ, ਸਿੱਖ ਧਰਮ ਦਾ ਸਿੱਧਾਂਤ-ਕਥਨ ਹੈ ਜੋ ਗੁਰਮਤਿ ਦੇ ਸਿਧਾਂਤਾਂ ਦੀ ਸੂਤਰ ਰੂਪ ਵਿਚ ਨਿਸ਼ਾਨਦੇਹੀ ਕਰਦਾ ਹੈ। ਵੈਦਿਕ ਪਰੰਪਰਾ ਵਿਚ ਓਅੰਕਾਰ ਨੂੰ 'ਬ੍ਰਹਮ' ਦਾ ਪ੍ਰਤੀਕ ਮੰਨਿਆਂ ਗਿਆ ਹੈ। ਬਾਣੀਕਾਰਾਂ ਨੇ ਬ੍ਰਹਮ ਨੂੰ ਇਕ ਅਜਿਹੀ ਪਰਮ ਹਸਤੀ ਅਤੇ ਹੋਂਦ ਵਜੋਂ ਸੰਕਲਪਿਆ ਹੈ ਜੋ ਦਿਸਦੇ ਜਗਤ ਦੀ ਸਿਰਜਣਹਾਰ ਸ਼ਕਤੀ ਵੀ ਹੈ ਅਤੇ ਉਸਦੀ ਪਾਲਣਹਾਰ ਤੇ ਸੰਘਾਰਨਹਾਰ ਸ਼ਕਤੀ ਵੀ।

ਵੈਦਿਕ ਪਰੰਪਰਾ ਤੋਂ ਬਾਦ 'ਸਿੱਧ-ਨਾਥ-ਸੰਤ ਬਾਣੀ ਪਰੰਪਰਾ' ਬਾਰੇ ਗੱਲ ਕੀਤੀ ਜਾ ਸਕਦੀ ਹੈ ਜਿਸ ਵਿਚ ਗੁਰੂ ਨਾਨਕ ਬਾਣੀ ਦੇ ਵਿਸ਼ੇਗਤ ਤੇ ਕਾਵਿਕ ਸਰੋਕਾਰਾਂ ਦੀ ਨਜ਼ਦੀਕੀ ਸਾਂਝ ਦ੍ਰਿਸ਼ਟੀਗੋਚਰ ਹੁੰਦੀ ਹੈ। ਹਜ਼ਾਰੀ ਪ੍ਰਸਾਦ ਦ੍ਵਿਵੇਦੀ, ਰਾਹੁਲ ਸੰਕ੍ਰਤਾਇਨ, ਹਰਿਪ੍ਰਸਾਦ ਸ਼ਾਸਤਰੀ ਅਤੇ ਡਾ. ਮੋਹਨ ਸਿੰਘ ਦੀ ਖੋਜ ਅਨੁਸਾਰ ਸਿੱਧਾਂ ਦਾ ਸੰਬੰਧ ਭਾਰਤੀ ਸਾਹਿਤ ਦੇ ਅਪਭ੍ਰੰਸ਼ ਕਾਲ ਨਾਲ ਹੈ। ਭਾਸ਼ਾਵਿਗਿਆਨਕ ਦ੍ਰਿਸ਼ਟੀ ਤੋਂ ਇਹ ਆਧੁਨਿਕ ਭਾਰਤੀ ਭਾਸ਼ਾਵਾਂ ਦੇ ਵਿਕਾਸ ਤੋਂ ਪਹਿਲਾਂ ਦਾ ਦੌਰ ਹੈ। ਲਿਖਤੀ ਸੋਮਿਆਂ ਅਤੇ ਮੌਖਿਕ ਪਰੰਪਰਾ ਅਨੁਸਾਰ ਸਿੱਧਾਂ ਦੀ ਗਿਣਤੀ 84 ਮੰਨੀ ਗਈ ਹੈ। ਇਨ੍ਹਾਂ ਸਿੱਧਾਂ ਵਿਚੋਂ ਇਕ ਜਾਲੰਧਰ ਨਾਥ ਵੀ

ਹੋਏ ਹਨ ਜਿਨ੍ਹਾਂ ਦਾ ਸੰਬੰਧ ਪੰਜਾਬ ਦੇ ਮੌਜੂਦਾ ਸ਼ਹਿਰ ਜਾਲੰਧਰ ਨਾਲ ਮੰਨਿਆਂ ਜਾਂਦਾ ਹੈ। ਭਾਵੇਂ ਇਨ੍ਹਾਂ ਦੇ ਸਮਕਾਲੀ ਨਾਥ ਜੋਗੀਆਂ ਨੂੰ ਵੀ ਕਈ ਵਾਰੀ ਸਿੱਧ ਆਖਿਆ ਜਾਂਦਾ ਹੈ ਪਰ ਨਾਥ ਜੋਗੀਆਂ ਦਾ ਵਿਚਾਰਧਾਰਾਈ ਪਿਛੋਕੜ ਸ਼ੈਵਮਤ ਨਾਲ ਮੇਲ ਖਾਂਦਾ ਹੈ ਜਿਸ ਲਈ ਉਨ੍ਹਾਂ ਦੀ ਪਛਾਣ ਵੱਖਰੀ ਹੈ।

ਸਿੱਧਾਂ ਦੀ ਰਚਨਾ ਮੁੱਖ ਤੌਰ ਤੇ ਦੋਹਿਆਂ ਅਤੇ ਚਰਯਾਪਦਾਂ ਦੇ ਰੂਪ ਵਿਚ ਮਿਲਦੀ ਹੈ। ਚਰਯਾਪਦ ਤੰਤਰ-ਸਾਧਨਾ ਸਮੇ ਗਾਏ ਜਾਣ ਵਾਲੇ ਅਨੁਸ਼ਠਾਨ ਗੀਤ ਹਨ ਜਿਨ੍ਹਾਂ ਵਿਚ ਪ੍ਰਤੀਕਾਤਮਕ ਅਰਥਾਂ ਦਾ ਸੰਗਠਨ ਉਸਾਰਿਆ ਜਾਂਦਾ ਹੈ। ਜਦੋਂ ਕਿ ਦੋਹਿਆਂ ਵਿਚ ਆਮ ਤੌਰ ਤੇ ਸਿੱਧਾਂ ਦੀ ਜੀਵਨ-ਜਾਚ ਦੇ ਨੈਤਿਕ ਅਤੇ ਸਿੱਧਾਂਤਕ ਪੱਖ ਦੀ ਪੇਸ਼ਕਾਰੀ ਹੁੰਦੀ ਹੈ। ਡਾ. ਧਰਮਵੀਰ ਭਾਰਤੀ ਅਨੁਸਾਰ ਸਿੱਧਾਂ ਦਾ ਸੰਬੰਧ ਬੁੱਧਮਤ ਦੀ ਸਹਿਜਯਾਨੀ / ਵੱਜ੍ਰਯਾਨੀ ਪਰੰਪਰਾ ਨਾਲ ਹੈ। ਇਸ ਪਰੰਪਰਾ ਦੀ ਸਾਧਨਾ-ਪੱਧਤੀ ਵਿਚ ਵਾਮ-ਮਾਰਗੀ ਤਾਂਤਰਿਕ ਅਨੁਸ਼ਠਾਨਾਂ ਦੇ ਪ੍ਰਵੇਸ਼ ਕਾਰਣ ਹੌਲੀ ਹੌਲੀ ਇਸਦੀ ਨਿਵੇਕਲੀ ਪਛਾਣ ਸਥਾਪਿਤ ਹੋ ਗਈ। ਤਾਂਤਰਿਕ ਵਿਚਾਰਧਾਰਾ ਦਾ ਮੂਲ ਆਧਾਰ ਕਾਇਆ-ਤੀਰਥ ਦੇ ਸੰਕਲਪ ਨਾਲ ਜੁੜਿਆ ਹੋਇਆ ਹੈ, ਜਿਸਦਾ ਅਰਥ ਇਹ ਹੈ ਕਿ ਮਨੁੱਖ ਦਾ ਸਰੀਰ ਹੀ ਸਰਬ-ਉੱਚ ਅਧਿਆਤਮਕ ਪ੍ਰਾਪਤੀ ਦਾ ਟਿਕਾਣਾ ਹੈ। ਕਾਇਆ ਨੂੰ ਪਾਵਨਤਾ ਦਾ ਕੇਂਦਰ ਜਾਂ ਤੀਰਥ ਮੰਨਣ ਦਾ ਇਹ ਰਹੱਸਵਾਦੀ ਵਿਚਾਰ ਧਰਮ-ਸਾਧਨਾ ਦੇ ਖੇਤਰ ਵਿਚ ਨਵੀਨ ਅਰਥ-ਸਾਰਥਕਤਾ ਰੱਖਦਾ ਹੈ। ਇਉਂ ਸਿੱਧਾਂ ਨੇ ਬਾਹਰਲੇ ਪਾਵਨ ਤੀਰਥ-ਸਥਾਨਾਂ ਦੀ ਯਾਤਰਾ ਕਰਨ ਨਾਲੋਂ ਸਰੀਰ ਜਾਂ ਕਾਇਅ ਦੇ ਅੰਦਰਲੇ ਰਹੱਸਾਂ ਨੂੰ ਫਰੋਲਣ ਵਾਲੀ ਅੰਦਰਲੀ ਰਹੱਸਾਤਮਕ ਯਾਤਰਾ ਉੱਤੇ ਵਧੇਰੇ ਬਲ ਦਿੱਤਾ।

ਸਿੱਧਾਂ ਦੀ ਧਰਮ-ਸਾਧਨਾ ਅਤੇ ਜੀਵਨ-ਜਾਚ ਦਾ ਸਿੱਧਾਂਤਕ ਪੱਖ ਬੁੱਧਮਤ ਦੇ ਬੁਨਿਆਦੀ ਵਿਚਾਰਾਂ ਦੀ ਨਵੀਂ ਵਿਆਖਿਆ ਪੇਸ਼ ਕਰਨ ਨਾਲ ਜੁੜਿਆ ਹੋਇਆ ਹੈ। ਮਹਾਤਮਾ ਬੁੱਧ ਨੇ ਮਨੁੱਖੀ ਹੋਂਦ ਦੀ ਵਿਆਖਿਆ ਕਰਦਿਆਂ ਦੁੱਖ ਦਾ ਸੰਕਲਪ ਪੇਸ਼ ਕੀਤਾ ਸੀ ਅਤੇ ਇਸਦਾ ਕਾਰਣ ਕਾਮਨਾ ਨੂੰ ਮੰਨਿਆਂ ਸੀ। ਅਰਥਾਤ ਸੰਸਾਰ (ਭਵ) ਦੁੱਖਾਂ ਦਾ ਘਰ ਹੈ। ਇਸ ਵਿਚ ਰਹਿਣ ਵਾਲੇ ਮਨੁੱਖ ਦੀ ਹੋਂਦ ਦੁੱਖਮਈ ਹੈ। ਦੁੱਖ ਦਾ ਕਾਰਣ ਤ੍ਰਿਸ਼ਨਾ ਜਾਂ ਕਾਮਨਾ ਹੈ। ਭਵ / ਕਾਮਨਾ ਦੇ ਪ੍ਰਭਾਵ ਤੋਂ ਬਚਣ ਦਾ ਇਕੋ-ਇਕ ਢੰਗ ਹੈ - ਮੱਧਮਾਰਗ। ਬੁੱਧ ਨੇ ਇਸੇ ਮੁਕਤੀ-ਮਾਰਗ ਨੂੰ ਨਿਰਵਾਣ ਆਖਿਆ ਹੈ। ਸਿੱਧਾਂ ਨੇ ਬੋਧ ਪਰੰਪਰਾ ਦੇ ਮੂਲ ਸੰਕਲਪਾਂ - ਤ੍ਰਿਸ਼ਨਾ, ਭਵ, ਅਤੇ ਨਿਰਵਾਣ - ਦੀ ਨਵੀਂ ਵਿਆਖਿਆ ਪੇਸ਼ ਕੀਤੀ। ਉਨ੍ਹਾਂ ਨੇ ਤ੍ਰਿਸ਼ਨਾ ਨੂੰ ਭਵ ਦਾ ਕਾਰਣ ਤਾਂ ਮੰਨਿਆਂ ਪਰ ਨਿਰਵਾਣ ਦੀ ਪ੍ਰਾਪਤੀ ਲਈ ਤ੍ਰਿਸ਼ਨਾ ਨੂੰ ਅਤ੍ਰਿਪਤ ਰੱਖਣ ਦੀ ਬਜਾਏ ਉਸਦੇ ਸੰਜਮਸ਼ੀਲ ਭੋਗ ਉੱਤੇ ਬਲ ਦਿੱਤਾ। ਇਸੇ ਲਈ ਉਨ੍ਹਾਂ ਨੇ ਆਪਣੇ ਮਾਰਗ ਨੂੰ ਮਹਾਰਾਗ ਦਾ ਮਾਰਗ ਆਖਿਆ। ਇਸ ਮਾਰਗ ਦੀ ਉੱਘੜਵੀਂ ਵਿਸ਼ੇਸ਼ਤਾ ਇਹ ਹੈ ਕਿ ਇਹ ਤਰਕ-ਗਿਆਨ ਨਾਲੋਂ ਵਧੇਰੇ ਅਨੁਭਵ-ਗਿਆਨ ਉੱਤੇ ਬਲ ਦਿੰਦਾ ਹੈ। ਅਨੁਭਵ-ਗਿਆਨ ਦਾ ਇਹ ਮਾਰਗ ਰਹੱਸਵਾਦੀ ਵੀ ਹੈ ਅਤੇ ਗੁਹਜ ਵੀ। ਇਸ ਮੰਤਵ ਲਈ ਕਿਸੇ ਸਿੱਧ-ਪੁਰਖ (ਗੁਰੂ) ਦੀ ਅਗਵਾਈ ਲੋੜੀਂਦੀ ਮੰਨੀ ਜਾਂਦੀ ਹੈ।

ਇਹ ਪਰੰਪਰਾ ਗੁਰੂ ਦੇ ਮਹੱਤਵ ਨੂੰ ਉਜਾਗਰ ਕਰਦੀ ਹੈ ਅਤੇ ਗੁਰੂ-ਮੁੱਖਤਾ (ਗੁਰਮੁਖਤਾ) ਨੂੰ ਆਦਰਸ਼ ਜੀਵਨ-ਜਾਚ ਦਾ ਮੂਲ ਆਧਾਰ ਮੰਨਦੀ ਹੈ। ਸੰਖੇਪ ਵਿਚ ਸਿੱਧਾਂ ਦਾ ਮਾਰਗ ਇਕ ਕਿਸਮ ਦੇ ਸੰਜਮਸ਼ੀਲ ਭੋਗਵਾਦ ਦੀ ਸਿਫ਼ਾਰਿਸ਼ ਕਰਦਾ ਹੈ। ਇਸਦੀਆਂ ਵਾਮਮਾਰਗੀ ਤਾਂਤਰਿਕ ਸਾਧਨਾਵਾਂ ਇਸੇ ਬੁਨਿਆਦੀ ਧੁਰੇ ਦੁਆਲੇ ਘੁੰਮਦੀਆਂ ਹਨ। ਮਿਸਾਲ ਵਜੋਂ ਇਨ੍ਹਾਂ ਸਾਧਨਾਵਾਂ

ਦੇ ਅੰਤਰਗਤ ਪੰਚ-ਮਕਾਰਾਂ ( ਮਾਸ, ਮਦਿਰਾ, ਮੁਦਰਾ, ਮਤਸਯ, ਅਤੇ ਮੈਥੁਨ ) ਦੇ ਸਾਧਨਾਮਈ ਸੇਵਨ ਉੱਤੇ ਬਲ ਦਿੱਤਾ ਜਾਂਦਾ ਹੈ। ਡਾ. ਧਰਮ ਵੀਰ ਭਾਰਤੀ ਨੇ ਇਸ ਸਾਧਨਾ-ਪੱਧਤੀ ਦੀ ਮਨੋਵਿਗਿਆਨਕ ਦ੍ਰਿਸ਼ਟੀ ਤੋਂ ਵਿਆਖਿਆ ਕਰਦਿਆਂ ਦਰਸਾਇਆ ਹੈ ਕਿ ਇਹ ਕਾਮਨਾ ਦੀ ਸੰਜਮਸ਼ੀਲ ਤ੍ਰਿਪਤੀ ਰਾਹੀਂ ਕਾਮਨਾ ਦੀ ਭਟਕਣ ਤੋਂ ਬਚਣ ਦਾ ਰਸਤਾ ਮੰਨਿਆਂ ਜਾ ਸਕਦਾ ਹੈ।

ਦਿਲਚਸਪ ਗੱਲ ਇਹ ਹੈ ਕਿ ਇਹ ਸਿੱਧ-ਨਾਥ-ਸੰਤ ਬਾਣੀ ਪਰੰਪਰਾ ਸਿੱਧਾਂਤਕ ਪੱਧਰ ਤੇ ਦਵੰਦਮਈ ਗਤੀ ਵਿਚੋਂ ਲੰਘਦੀ ਨਜ਼ਰ ਆਉਂਦੀ ਹੈ। ਦਵੰਦਮਈ ਵਿਕਾਸ ਦਾ ਸੰਕਲਪ ਬੁਨਿਆਦੀ ਤੌਰ ਤੇ ਵਾਦ-ਪ੍ਰਤਿਵਾਦ-ਸੰਵਾਦ ਦੀ ਧਾਰਨਾ ਪੇਸ਼ ਕਰਦਾ ਹੈ। ਇਸ ਸੰਵਾਦੀ ਸਥਿਤੀ ਅਨੁਸਾਰ ਸਿੱਧਬਾਣੀ ਮਹਾਰਾਗ ਦੇ ਰੂਪ ਵਿਚ ਮਨੁੱਖੀ ਜੀਵਨ-ਵਿਧੀ ਬਾਰੇ ਇਕ ਸਿੱਧਾਂਤ (ਵਾਦ) ਪੇਸ਼ ਕਰਦੀ ਹੈ। ਨਾਥਬਾਣੀ ਇਸ ਜੀਵਨ-ਵਿਧੀ ਦਾ ਪ੍ਰਤਿਵਾਦ ਪੇਸ਼ ਕਰਦੀ ਹੈ ਅਤੇ ਮਹਾਰਾਗ ਦੀ ਥਾਵੇਂ ਵੈਰਾਗ ਨੂੰ ਸਥਾਪਿਤ ਕਰਦੀ ਹੈ। ਇਹ ਗ੍ਰਿਹਿਸਤੀ ਜੀਵਨ/ ਪ੍ਰਵਿਰਤੀ ਮਾਰਗ ਦੀ ਬਜਾਏ ਉਦਾਸੀ ਜੀਵਨ/ ਨਿਵਿਰਤੀ ਮਾਰਗ ਉੱਤੇ ਬਲ ਦਿੰਦੀ ਹੈ ਅਤੇ ਭੋਗ ਦੀ ਥਾਵੇਂ ਯੋਗ ਦਾ ਮਹੱਤਵ ਉਜਾਗਰ ਕਰਦੀ ਹੈ। ਤਾਂ ਵੀ ਸਿੱਧਬਾਣੀ ਦੇ ਕੁਝ ਅਜਿਹੇ ਸੰਕਲਪ ਹਨ ਜਿਨ੍ਹਾਂ ਨੂੰ ਨਾਥ ਬਾਣੀ ਆਪਣੀ ਚਿੰਤਨ-ਵਿਧੀ ਦਾ ਆਧਾਰ ਬਣਾਉਂਦੀ ਹੈ। ਇਨ੍ਹਾਂ ਵਿਚ ਕਾਇਆ-ਤੀਰਥ ਅਨੁਭਵ-ਗਿਆਨ ਅਤੇ ਗੁਰੂ-ਮੁੱਖਤਾ ਦੇ ਸੰਕਲਪ ਸ਼ਾਮਿਲ ਹਨ। ਦੂਸਰੇ ਸ਼ਬਦਾਂ ਵਿਚ ਨਾਥਬਾਣੀ ਨੇ ਸਿੱਧ ਵਿਚਾਰਧਾਰਾ ਦੇ ਦਾਰਸ਼ਨਿਕ ਢਾਂਚੇ ਨੂੰ ਤਾਂ ਪ੍ਰਵਾਨ ਕਰ ਲਿਆ ਪਰ ਉਸਦੀ ਜੀਵਨ-ਜੁਗਤ ਅਤੇ ਸਾਧਨਾ-ਪੱਧਤੀ ਨੂੰ ਅਸਵੀਕਾਰ ਕਰ ਦਿੱਤਾ। ਇਸ ਤਰ੍ਹਾਂ ਨਾਥ ਜੋਗੀਆਂ ਨੇ ਭਵ ਦਾ ਕਾਰਣ ਤ੍ਰਿਸ਼ਨਾ ਨੂੰ ਹੀ ਮੰਨਿਆਂ ਪਰ ਉਨ੍ਹਾਂ ਨੇ ਭੋਗ ਦੀ ਬਜਾਏ ਯੋਗ ਉੱਤੇ ਬਲ ਦਿੱਤਾ ਅਤੇ ਤ੍ਰਿਸ਼ਨਾ ਦੀ ਪੂਰਤੀ ਕਰਨ ਦੀ ਥਾਵੇਂ ਚਿੱਤ-ਬਿਰਤੀਆਂ ਦੇ ਕੇਂਦਰ ਮਨ ਉੱਤੇ ਕਾਬੂ ਪਾਉਣ ਦਾ ਮਾਰਗ ਸੁਝਾਇਆ। ਪਾਤੰਜਲੀ ਦੇ ਯੋਗਸੂਤਰ ਦੀ ਨਿਮਨ-ਅੰਕਿਤ ਪਰਿਭਾਸ਼ਾ ਇਸ ਜੀਵਨ-ਵਿਧੀ ਦਾ ਮੂਲ ਆਧਾਰ ਜਾਪਦੀ ਹੈ :

ਯੋਗਾਸ਼ਚਿੱਤਵ੍ਰਿਤੀ ਨਿਰੋਧ: ਤਦਾ ਦ੍ਰਿਸ਼ਟੂ ਸਵਰੂਪੇ ਅਵਸਥਾਨਮ (ਯੋਗ ਸੂਤਰ)

ਉਪਰੋਕਤ ਚਰਚਾ ਦੀ ਰੌਸ਼ਨੀ ਵਿਚ ਆਖਿਆ ਜਾ ਸਕਦਾ ਹੈ ਕਿ ਨਾਥਬਾਣੀ ਦਾ ਉਦਭਵ ਸਿੱਧਬਾਣੀ ਦੇ ਪ੍ਰਤਿਉੱਤਰ ਵਜੋਂ ਹੋਇਆ। ਨਾਥਬਾਣੀ ਦਾ ਪ੍ਰਵਰਤਕ ਗੋਰਖਨਾਥ ਨੂੰ ਮੰਨਿਆਂ ਜਾਂਦਾ ਹੈ। ਡਾ. ਮੋਹਨ ਸਿੰਘ ਅਨੁਸਾਰ ਗੋਰਖਨਾਥ ਦਾ ਜੀਵਨਕਾਲ 940 ਈਸਵੀ ਤੋਂ ਲੈਕੇ 1040 ਈਸਵੀ ਤਕ ਮੰਨਿਆਂ ਗਿਆ ਹੈ। ਪੰਜਾਬੀ ਸਾਹਿਤ ਨਾਲ ਸੰਬੰਧਿਤ ਦੂਸਰੇ ਮਹੱਤਵਪੂਰਣ ਨਾਥ-ਕਵੀ ਹਨ - ਚਰਪਟਨਾਥ, ਰਤਨਨਾਥ, ਚੌਰੰਗੀਨਾਥ ਜਾਂ ਪੂਰਨਭਗਤ।

ਨਾਥ ਜੋਗੀਆਂ ਨੇ ਸਿੱਧਾਂ ਦੇ ਉਲਟ ਚਿੱਤ-ਬਿਰਤੀਆਂ ਦੇ ਨਿਰੋਧ ਦਾ ਸੰਕਲਪ ਸਾਮ੍ਹਣੇ ਲਿਆਂਦਾ। ਉਨ੍ਹਾਂ ਨੇ ਸਰੀਰ, ਮਨ ਅਤੇ ਪ੍ਰਾਣ ਸਾਧਨਾ ਦਾ ਮਾਰਗ ਪ੍ਰਸਤੁਤ ਕੀਤਾ ਜਿਸ ਦੇ ਪਿਛੋਕੜ ਵਿਚ 'ਕਾਇਆ-ਤੀਰਥ' ਦਾ ਸੰਕਲਪ ਹੀ ਕਾਰਜਸ਼ੀਲ ਹੈ। ਨਾਥਜੋਗੀਆਂ ਨੇ ਮਾਨਵ ਸਰੀਰ ਦੀ ਰੂਪ-ਰਚਨਾ ਨੂੰ ਛੇ ਨਾੜੀ-ਚੱਕਰਾਂ ਦੀ ਸੰਕਲਪਨਾ ਰਾਹੀਂ ਸਮਝਣ ਅਤੇ ਸਮਝਾਉਣ ਦਾ ਉਪਰਾਲਾ ਕੀਤਾ ਹੈ। ਉਨ੍ਹਾਂ ਅਨੁਸਾਰ ਰੀੜ੍ਹ ਦੀ ਹੱਡੀ ਦੇ ਹੇਠਲੇ ਸਿਰੇ ਉੱਤੇ ਮੂਲਾਧਾਰ ਚੱਕਰ ਸਥਿਤ ਹੈ ਜਿਸ ਵਿਚ ਕੁੰਡਲਨੀ ਸ਼ਕਤੀ ਦਾ ਨਿਵਾਸ ਹੈ। ਸਾਧਾਰਣ ਹਾਲਤ ਵਿਚ ਇਹ ਕੁੰਡਲਨੀ ਸ਼ਕਤੀ ਸੁੱਤੀ ਰਹਿੰਦੀ ਹੈ ਜਿਸਨੂੰ ਜੋਗੀ ਆਪਣੀ ਸਾਧਨਾ ਰਾਹੀਂ

ਜਗਾ ਕੇ ਬ੍ਰਹਮਰੰਧਰ ਤਕ ਲੈ ਜਾਂਦਾ ਹੈ ਜੋ ਖੋਪੜੀ ਦੇ ਉਪਰਲੇ ਹਿੱਸੇ ਵਿਚ ਸਥਿਤ ਹੈ। ਨਾਥ ਜੋਗੀਆਂ ਦਾ ਇਹ ਸਰੀਰ-ਮਨ-ਪ੍ਰਾਣ ਸਾਧਨਾ ਮਾਰਗ ਉਦਾਸੀ ਜੀਵਨ-ਵਿਧੀ ਅਤੇ ਵੈਰਾਗ ਨੂੰ ਸਥਾਪਿਤ ਕਰਦਾ ਹੈ।

ਨਾਥਬਾਣੀ ਦੀ ਰਚਨਾ ਵਧੇਰੇ ਸ਼ਲੋਕਾਂ, ਸ਼ਬਦਾਂ, ਪਦਿਆਂ ਜਾਂ ਦੋਹਿਆਂ ਦੇ ਰੂਪ ਵਿਚ ਸਾਮ੍ਹਣੇ ਆਉਂਦੀ ਹੈ। ਇਹ ਕਾਵਿਰੂਪ ਮੁੱਖ ਤੌਰ ਤੇ ਉਪਦੇਸ਼ਾਤਮਕ ਹਨ। ਨਾਥਜੋਗੀਆਂ ਨੇ ਸਿੱਧਾਂ ਦੀ ਵਿਕਾਰ-ਗ੍ਰਸਤ ਭੋਗ-ਸਾਧਨਾ ਦਾ ਵਿਰੋਧ ਕਰਦਿਆਂ ਨਾਰੀ-ਨਿੰਦਿਆ ਦਾ ਨਵਾਂ ਸੰਦਰਭ ਖੋਲ੍ਹ ਦਿੱਤਾ। ਗੋਰਖਬਾਣੀ ਦੀਆਂ ਨਿਮਨ-ਅੰਕਿਤ ਪੰਗਤੀਆਂ ਇਸੇ ਤੱਥ ਨੂੰ ਪ੍ਰਮਾਣਿਤ ਕਰ ਦੀਆਂ ਹਨ :

ਦਾਮ ਕਾਢ ਬਾਘਣ ਲੈ ਆਇਆ।

ਮਾਊ ਕਹੈ ਮੇਰਾ ਪੂਤ ਵਿਆਹਿਆ। (ਗੋਰਖ ਬਾਣੀ)

ਅਸਲ ਵਿਚ ਨਾਥ ਜੋਗੀਆਂ ਦੀ ਪੁਰਖ-ਪ੍ਰਧਾਨ ਵਿਸ਼ਵ-ਦ੍ਰਿਸ਼ਟੀ ਅਤੇ ਸਾਧਨਾ ਕਾਰਣ ਇਸ ਕਿਸਮ ਦਾ ਨਾਰੀ-ਵਿਰੋਧੀ ਸੁਰ ਆਮ ਸੁਣਾਈ ਦਿੰਦਾ ਹੈ। ਸਿੱਧਬਾਣੀ ਦੇ ਪ੍ਰਤਿਕਰਮ ਵਜੋਂ ਉਪਜਿਆ ਇਹ ਸੁਰ ਨਾਥਬਾਣੀ ਦੇ ਕਾਵਿਸ਼ਾਸਤਰ ਦਾ ਮਹੱਤਵਪੂਰਣ ਪਹਿਲੂ ਹੈ। ਜੇ ਸਿੱਧ ਨਾਰੀ ਨੂੰ ਆਪਣੀ ਅਧਿਆਤਮ-ਸਾਧਨਾ ਦਾ ਲਾਜ਼ਮੀ ਅੰਗ ਬਣਾਉਂਦੇ ਹਨ ਤਾਂ ਨਾਥਜੋਗੀ ਨਾਰੀ ਨੂੰ ਅਧਿਆਤਮ-ਸਾਧਨਾ ਦੇ ਮਾਰਗ ਦਾ ਸੱਭ ਤੋਂ ਵੱਡਾ ਵਿਘਨਕਾਰੀ ਤੱਤ ਮੰਨਦੇ ਹਨ।

ਨਾਥ ਜੋਗੀਆਂ ਨੇ ਆਪਣੀ ਬਾਣੀ ਵਿਚ ਬੁੱਧ ਅਤੇ ਸਿੱਧ ਪਰੰਪਰਾ ਦੇ ਅਨੇਕਾਂ ਸੰਕਲਪੀ ਸ਼ਬਦਾਂ ਨੂੰ ਵਰਤਿਆ ਹੈ। ਮਿਸਾਲ ਵਜੋਂ ਸੁੰਨ, ਨਿਰਵਾਣ, ਸਹਿਜ, ਨਾਦ, ਬਿੰਦ, ਅਨਹਦ, ਸੁਰਤਿ, ਸਬਦ ਭਵਸਾਗਰ, ਨਿਰੰਜਨ ਆਦਿ। ਇਹ ਸੰਕਲਪੀ ਸ਼ਬਦਾਵਲੀ ਨਾਥਜੋਗੀਆਂ ਦੀ ਧਰਮ-ਚੇਤਨਾ / ਕਾਵਿ-ਚੇਤਨਾ ਦਾ ਸੰਚਾਰ ਕਰਨ ਲਈ ਢੁਕਵੀਂ ਬਿੰਬਾਵਲੀ ਅਤੇ ਪ੍ਰਤੀਕ-ਵਿਧਾਨ ਪ੍ਰਦਾਨ ਕਰਦੀ ਹੈ। ਉਪਰੋਤਕ ਚਰਚਾ ਦੀ ਰੌਸ਼ਨੀ ਵਿਚ ਆਖਿਆ ਜਾ ਸਕਦਾ ਹੈ ਕਿ ਨਾਥਬਾਣੀ ਆਪਣੀ ਪੂਰਬਲੀ ਸਾਹਿਤਕ ਪਰੰਪਰਾ ਨਾਲ ਸੰਵਾਦ ਦਾ ਰਿਸ਼ਤਾ ਜੋੜਦੀ ਹੈ ਅਤੇ ਇਸੇ ਦੇ ਪ੍ਰਤਿ-ਉੱਤਰ ਵਜੋਂ ਵਿਕਸਿਤ ਹੁੰਦੀ ਹੈ। ਇਹ ਸਿੱਧਬਾਣੀ ਦੀਆਂ ਕਈ ਸਿੱਧਾਂਤਕ ਅਤੇ ਕਾਵਿਕ ਰੂੜ੍ਹੀਆਂ ਨੂੰ ਸਹਿਜੇ ਹੀ ਅਪਣਾ ਲੈਂਦੀ ਹੈ ਪਰ ਕਈਆਂ ਨਾਲ ਬਹਿਸ ਵੀ ਕਰਦੀ ਹੈ ਅਤੇ ਉਨ੍ਹਾਂ ਦਾ ਪ੍ਰਤਿਵਾਦ ਵੀ ਪ੍ਰਸਤੁਤ ਕਰਦੀ ਹੈ। ਇਉਂ ਨਾਥਬਾਣੀ ਚਿੰਤਨ ਅਤੇ ਸਿਰਜਣ ਦੇ ਖੇਤਰ ਵਿਚ ਰੂਪਾਂਤਰਣ ਦੀ ਪ੍ਰਕਿਰਿਆ ਵਿਚੋਂ ਲੰਘਦੀ ਹੋਈ ਆਪਣੀ ਵਿਲੱਖਣਤਾ ਨੂੰ ਸਥਾਪਿਤ ਕਰਦੀ ਹੈ। ਨਮੂਨੇ ਵਜੋਂ ਨਾਥਬਾਣੀ ਦੀਆਂ ਕੁਝ ਪੰਗਤੀਆਂ ਪੇਸ਼ ਹਨ :

ਹਿੰਦੂ ਧਿਆਵੈ ਦੇਹੁਰਾ, ਮੁਸਲਮਾਨ ਮਸੀਤਾ ।

ਜੋਗੀ ਧਿਆਵੈ ਪਰਮਪਦਿ ਜਹਾਂ ਦੇਹੁਰਾ ਨਾ ਮਸੀਤਾ।

. . . . . .

ਜੋ ਘਰ ਤਿਆਗ ਕਹਾਵੈ ਜੋਗੀ

ਘਰ ਵਾਸੀ ਕੋ ਕਹੈ ਜੋ ਭੋਗੀ

ਅੰਤਰ ਭਾਵ ਨਾ ਪਰਖੈ ਜੋਈ

ਗੋਰਖ ਆਖੈ ਮੂਰਖ ਸੋਈ।

. . .   . . .

ਖਾਇਆ ਵੀ ਮਰੈ, ਅਣਖਾਇਆ ਵੀ ਮਰੈ,

ਗੋਰਖ ਆਖੈ ਪੂਤਾ, ਸੰਜਮੀ ਤਰੈ। (ਗੋਰਖ ਬਾਣੀ)

ਉੱਤਰ - ਪ੍ਰਤਿਉੱਤਰ ਦਾ ਇਹ ਸਿਲਸਿਲਾ ਨਾਥਬਾਣੀ ਤੋਂ ਮਗਰੋਂ ਵਿਕਸਿਤ ਹੋਣ ਵਾਲੀ ਸੰਤਬਾਣੀ ਵਿਚ ਵੀ ਜਾਰੀ ਰਹਿੰਦਾ ਹੈ ਅਤੇ ਇਸੇ ਕਾਰਣ ਸਿੱਧ-ਨਾਥ-ਸੰਤ ਬਾਣੀ ਪਰੰਪਰਾ ਵਿਚ ਨਿਰੰਤਰਤਾ ਕਾਇਮ ਰਹਿੰਦੀ ਹੈ। ਸੰਤਬਾਣੀ ਮੱਧਕਾਲੀਨ ਭਗਤੀ ਲਹਿਰ ਦੇ ਅੰਤਰਗਤ ਵਿਕਸਿਤ ਹੋਣ ਵਾਲੀ ਰਚਨਾ ਹੈ। ਇਸ ਵਿਚ ਉਨ੍ਹਾਂ ਭਗਤਾਂ ਦੀ ਬਾਣੀ ਨੂੰ ਸ਼ਾਮਿਲ ਕੀਤਾ ਜਾਂਦਾ ਹੈ ਜਿਹੜੇ ਦੈਵੀ ਸੱਤਾ ਦੇ ਨਿਰਗੁਣ ਨਿਰਾਕਾਰ ਸਰੂਪ ਵਿਚ ਆਸਥਾ ਰੱਖਦੇ ਹਨ ਅਤੇ ਅਵਤਾਰਵਾਦ ਦੀ ਧਾਰਣਾ ਨੂੰ ਰੱਦ ਕਰਦੇ ਹਨ। ਮੱਧਕਾਲੀਨ ਭਾਰਤ ਦੇ ਪ੍ਰਮੁੱਖ ਸੰਤਕਵੀਆਂ ਵਿਚ ਨਾਮਦੇਵ, ਕਬੀਰ, ਰਵਿਦਾਸ, ਧੰਨਾ, ਤਿਰਲੋਚਨ, ਸੈਣ ਅਤੇ ਪੀਪਾ ਅਦਿ ਦਾ ਨਾਮ ਲਿਆ ਜਾ ਸਕਦਾ ਹੈ।

ਸਿੱਧਾਂਤਕ ਦ੍ਰਿਸ਼ਟੀ ਤੋਂ ਦੇਖਿਆ ਜਾਵੇ ਤਾਂ ਸੰਤਬਾਣੀ ਸਿੱਧਾਂ ਅਤੇ ਨਾਥਾਂ ਦੀ ਜੀਵਨ-ਵਿਧੀ ਵਿਚ ਸੰਵਾਦ ਜਾਂ ਸੁਮੇਲ ਸਥਾਪਿਤ ਕਰਨ ਦਾ ਉਪਰਾਲਾ ਕਰਦੀ ਹੈ। ਸਿੱਧ ਅਤੇ ਨਾਥ ਦੋਵੇਂ ਹੀ ਜੀਵਨ-ਵਿਧੀ ਦੇ ਪਰਸਪਰ ਵਿਰੋਧੀ ਸਿਰਿਆਂ ਉੱਪਰ ਖਲੋਤੇ ਦਿਖਾਈ ਦਿੰਦੇ ਹਨ। ਅਰਥਾਤ ਇਨ੍ਹਾਂ ਦੋਹਾਂ ਦੀ ਜੀਵਨ-ਵਿਧੀ ਵਿਚ ਧਰੁਵੀ ਅੰਤਰ ਹੈ ਕਿਉਂ ਜੋ ਨਾਥਬਾਣੀ ਨੇ ਮਹਾਰਾਗ ਦੇ ਵਿਰੋਧ ਵਿਚ ਵੈਰਾਗ ਅਤੇ ਗ੍ਰਹਿਸਤੀ ਜੀਵਨ ਦੇ ਮੁਕਾਬਲੇ ਉੱਤੇ ਉਦਾਸੀ ਜੀਵਨ ਨੂੰ ਤਰਜੀਹ ਦਿੱਤੀ ਸੀ। ਸੰਤਬਾਣੀ ਨੇ ਪ੍ਰਵਿਰਤੀ ਮਾਰਗ ਅਤੇ ਨਿਵਿਰਤੀ ਮਾਰਗ ਵਿਚਕਾਰ ਸੁਮੇਲ ਸਥਾਪਿਤ ਕਰਦਿਆ ਪ੍ਰਵਿਰਤ-ਨਿਵਿਰਤ ਦਾ ਸੰਕਲਪ ਪੇਸ਼ ਕੀਤਾ ਜਿਸਦਾ ਅਰਥ ਇਹ ਹੈ ਕਿ ਮਨੁੱਖ ਨੂੰ ਸੰਸਾਰ ਵਿਚ ਰਹਿੰਦਿਆਂ ਉਸ ਨਾਲ ਇਕ ਤਰ੍ਹਾਂ ਦੀ ਮਾਨਸਿਕ ਦੂਰੀ ਸਥਾਪਿਤ ਕਰਨੀ ਚਾਹੀਦੀ ਹੈ ਅਤੇ ਗ੍ਰਹਿਸਤ ਵਿਚ ਰਹਿੰਦਿਆਂ ਉਦਾਸੀਆਂ ਵਾਂਗ ਵਿਚਰਨਾ ਚਾਹੀਦਾ ਹੈ। ਸੰਤਬਾਣੀ ਦੀ ਇਹ ਧਾਰਣਾ ਗੁਰਬਾਣੀ ਦੇ ਸਿਰਜਿਤ ਪ੍ਰਵਚਨ ਵਿਚ ਹੋਰ ਵੀ ਵਧੇਰੇ ਉੱਘੜਵੇਂ ਰੂਪ ਵਿਚ ਪੇਸ਼ ਹੁੰਦੀ ਹੈ।

ਗੁਰੂ ਨਾਨਕ ਦੇਵ ਰਚਿਤ ਸਿੱਧ ਗੋਸਟਿ ਰਚਨਾ ਵਿਚ ਦੇਖੀ ਜਾ ਸਕਦੀ ਹੈ। ਗੁਰੂ ਕਵੀ ਨੇ ਨਾਥਜੋਗੀਆਂ ਦੀ ਵਿਚਾਰਧਾਰਾ ਅਤੇ ਜੀਵਨ-ਜੁਗਤ ਨਾਲ ਸੰਵਾਦ ਰਚਾਉਂਦਿਆਂ ਇਸੇ ਕਿਸਮ ਦੀ ਨਿਰਲੇਪ ਜੀਵਨ-ਜੁਗਤ ਦਾ ਬਿੰਬ ਨਿਮਨ-ਅੰਕਿਤ ਪੰਗਤੀਆਂ ਵਿਚ ਮੂਰਤੀਮਾਨ ਕੀਤਾ ਹੈ :

ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥

ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥

ਰਹਹਿ ਇਕਾਂਤਿ ਏਕੋ ਮਨਿ ਵਸਿਆ ਆਸਾ ਮਾਹਿ ਨਿਰਾਸੋ ॥

ਅਗਮੁ ਅਗੋਚਰੁ ਦੇਖਿ ਦਿਖਾਏ ਨਾਨਕੁ ਤਾ ਕਾ ਦਾਸੋ ॥5॥ (ਗੁਰੂ ਗ੍ਰੰਥ ਸਾਹਿਬ,

ਜਿਸ ਤਰ੍ਹਾਂ ਕੰਵਲ ਦਾ ਫੁੱਲ ਪਾਣੀ ਵਿਚ ਰਹਿੰਦਿਆਂ ਹੋਇਆਂ ਵੀ ਪਾਣੀ ਦੇ ਪ੍ਰਭਾਵ ਤੋਂ ਮੁਕਤ ਰਹਿੰਦਾ ਹੈ ਅਤੇ ਮੁਰਗ਼ਾਬੀ ਦੇ ਖੰਭਾਂ ਉੱਤੇ ਨਦੀ ਦੇ ਪਾਣੀ ਦਾ ਕੋਈ ਅਸਰ ਨਹੀਂ ਹੁੰਦਾ। ਉਹ ਪਾਣੀ ਵਿਚੋਂ ਨਿਕਲਦੀ ਹੋਈ ਸਿੱਧੀ ਹਵਾ ਵਿਚ ਉਡਾਰੀ ਮਾਰ ਜਾਂਦੀ ਹੈ। ਇਸੇ ਤਰ੍ਹਾਂ ਮਨੁੱਖ ਵੀ ਸੰਸਾਰ ਵਿਚ ਰਹਿੰਦਿਆਂ ਨਿਰਲਿਪਤ ਭਾਵਨਾ ਨਾਲ ਜਿਉਂ ਸਕਦਾ ਹੈ। ਜਦੋਂ ਅਸੀਂ ਸਿੱਧ-ਨਾਥ-ਸੰਤ ਬਾਣੀ ਪਰੰਪਰਾ ਦੇ ਉਪਰੋਕਤ ਪ੍ਰਸੰਗ ਵਿਚ ਗੁਰਬਾਣੀ ਦੀ ਇਸ ਜੀਵਨ-ਜੁਗਤ ਨੂੰ ਵਾਚਦੇ ਹਾਂ ਤਾਂ ਸਾਨੂੰ ਇਸਦੇ ਸਿੱਧਾਂਤਕ ਸੋਮਿਆਂ ਦਾ ਗਿਆਨ ਵੀ ਸਹਿਜੇ ਹੀ ਹੋ ਜਾਂਦਾ ਹੈ। ਗੁਰਮਤਿ ਕਾਵਿਧਾਰਾ ਦੇ ਸਿੱਧ-ਨਾਥ-ਸੰਤ ਬਾਣੀ ਪਰੰਪਰਾ ਨਾਲ ਸੰਬੰਧਿਤ ਹੋਣ ਦਾ ਪ੍ਰਮਾਣ ਇਸ ਗੱਲ ਤੋਂ ਵੀ ਮਿਲ ਜਾਂਦਾ ਹੈ ਕਿ ਇਹ ਉਪਰੋਕਤ ਪਰੰਪਰਾ ਦੀ ਸੰਕਲਪੀ ਸ਼ਬਦਾਵਲੀ ਨੂੰ ਵਰਤਣ ਤੋਂ ਵੀ ਗ਼ੁਰੇਜ਼ ਨਹੀਂ ਕਰਦੀ। ਮਿਸਾਲ ਵਜੋਂ ਗੁਰਮੁਖ, ਸੁੰਨ, ਸਹਿਜ, ਨਿਰੰਜਨ, ਨਿਰਵਾਣ, ਨਾਦ, ਬਿੰਦ, ਸਬਦ, ਸੁਰਤਿ ਆਦਿ। ਗੁਰਬਾਣੀ ਜੋ ਬ੍ਰਹਿਮੰਡੇ ਸੋਈ ਪਿੰਡੇ ਦੀ ਧਾਰਣਾ ਵਿਕਸਿਤ ਕਰਦਿਆਂ ਕਾਇਆ-ਤੀਰਥ ਦੀ ਸੰਕਲਪਨਾ ਨੂੰ ਹੋਰ ਡੂੰਘੇਰਾ ਕਰ ਦਿੰਦੀ ਹੈ। ਗੁਰੂ ਨਾਨਕ ਬਾਣੀ ਦੀ ਵਿਸ਼ੇਸ਼ਤਾ ਇਹ ਹੈ ਕਿ ਇਸਨੇ ਇਨ੍ਹਾਂ ਸੰਕਲਪੀ ਸ਼ਬਦਾਂ ਨੂੰ ਵਿਚਾਰਧਾਰਾ ਵਿਚ ਹੋ ਰਹੇ ਪਰਿਵਰਤਨ ਦੀ ਰੌਸ਼ਨੀ ਵਿਚ ਨਵੇਂ ਸਿਰਿਉਂ ਪਰਿਭਾਸ਼ਿਤ ਕਰਨ ਦਾ ਉਪਰਾਲਾ ਕੀਤਾ ਹੈ ਜਿਸ ਦੇ ਸਿੱਟੇ ਵਜੋਂ ਸੁੰਨ-ਨਿਰੰਜਨ ਵਰਗੇ ਅਨੀਸ਼ਵਰਵਾਦੀ ਸੰਕਲਪ ਨਿਰਗੁਣ-ਨਿਰਾਕਾਰ ਬ੍ਰਹਮ ਜਾਂ ਈਸ਼ਵਰ ਦੇ ਲਖਾਇਕ ਹੋ ਨਿਬੜਦੇ ਹਨ।

ਇਸ ਸਮੁੱਚੀ ਚਰਚਾ ਦੀ ਰੌਸ਼ਨੀ ਵਿਚ ਅਖਿਆ ਜਾ ਸਕਦਾ ਹੈ ਕਿ ਗੁਰੂ ਨਾਨਕ ਬਾਣੀ ਆਪਣੇ ਪ੍ਰਵਚਨ ਵਿਚ ਭਾਰਤ ਦੀਆਂ ਪ੍ਰਮੁੱਖ ਗਿਆਨ ਪਰੰਪਰਾਵਾਂ ਨੂੰ ਸੰਬੋਧਿਤ ਹੁੰਦੀ ਹੈ। ਇਨ੍ਹਾਂ ਵਿਚ ਵੈਦਿਕ ਤੇ ਨਾਥ ਪਰੰਪਰਾਵਾਂ ਦਾ ਆਪਣਾ ਸਥਾਨ ਤੇ ਮਹੱਤਵ ਹੈ। ਇਹ ਬਾਣੀ ਇਨ੍ਹਾਂ ਦੋਹਾਂ ਪਰੰਪਰਾਵਾਂ ਨਾਲ ਰਚਨਾਤਮਕ ਸੰਵਾਦ ਰਚਾਉਂਦੀ ਹੈ ਅਤੇ ਆਪਣੇ ਦਾਰਸ਼ਨਿਕ ਸੰਕਲਪਾਂ ਤੇ ਸਾਹਿਤਕ ਸਰੋਕਾਰਾਂ ਨੂੰ ਨਵੀਂ ਦਿਸ਼ਾ ਪ੍ਰਦਾਨ ਕਰਦੀ ਹੈ।